
ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਰਹਿ. ਸਾਹਿਤ ਧਾਰਾ

# ਚਿੱਠੀਆਂ






**ਸੰਪਾਦਕ**

ਸਾਹਿਬਜ਼ਾਦਾ ਮਸਊਦ ਅਹਿਮਦ

**ਲਿਪੀਅੰਤਰਨ ਤੇ ਸੰਕਲਨ**

ਡਾ. ਨਦੀਮ ਅਹਿਮਦ 'ਨਦੀਮ'



ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਐਜੂਕੇਸ਼ਨਲ
ਚੈਰੀਟੇਬਲ ਸੁਸਾਇਟੀ, ਹੁਸ਼ਿਆਰਪੁਰ।

ਭਾਸ਼ਾ ਵਿਭਾਗ ਪੰਜਾਬ

ਅਤੇ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਲੋਂ

ਪ੍ਰਕਾਸ਼ਤ ਮੌਲਵੀ ਗੁਲਾਮ ਰਸੂਲ ਆਲਮਪੁਰੀ ਸਾਹਿਤ

1. **ਅਹਿਸਨੁਲ ਕਸਿਸ ਅਤੇ ਮੌਲਵੀ ਗੁਲਾਮ ਰਸੂਲ ਆਲਮਪੁਰੀ ਦੇ ਕਿੱਸੇ**

   ਸੰ: ਸਮਸ਼ੇਰ ਸਿੰਘ ਅਸ਼ੋਕ, ਪੰਨੇ 888, ਕੀਮਤ 7 ਰੁਪਏ (ਭਾਸ਼ਾ ਵਿਭਾਗ ਛਾਪ 1989)

2. **ਮੌਲਵੀ ਗੁਲਾਮ ਰਸੂਲ ਆਲਮਪੁਰੀ ਦੀਆਂ ਰਚਨਾਵਾਂ ਦਾ ਆਲੋਚਨਾਤਮਕ ਅਧਿਐਨ**

   ਡਾ. ਉਤਮ ਸਿੰਘ ਭਾਟੀਆ (ਪੀਐਚਡੀ. ਥੀਸਿਸ), ਪੰਨੇ 280, ਕੀਮਤ 17 ਰੁਪਏ (ਭਾਸ਼ਾ ਵਿਭਾਗ ਛਾਪ 1989)

3. **ਮੌਲਵੀ ਗੁਲਾਮ ਰਸੂਲ: ਜੀਵਨ ਤੇ ਰਚਨਾ**

   ਡਾ. ਉਤਮ ਸਿੰਘ ਭਾਟੀਆ ਪੰਨੇ 280, ਕੀਮਤ 17 ਰੁਪਏ (ਪੰਜਾਬੀ ਯੂਨੀਵਰਸਿਟੀ ਪਟਿਆਲਾ ਛਾਪ 1989)

ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਸਾਹਿਤ ਧਾਰਾ

# ਚਿੱਠੀਆਂ


ਸੰਪਾਦਕ :
**ਸਾਹਿਬਜ਼ਾਦਾ ਮਸਊਦ ਅਹਿਮਦ**

ਲਿੱਪੀਅੰਤਰਨ ਤੇ ਸੰਕਲਨ
**ਡਾ. ਨਦੀਮ ਅਹਿਮਦ ਨਦੀਮ**



ਪ੍ਰਕਾਸ਼ਕ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ
ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ
ਬੀ-2, ਐਮ.ਸੀ.ਐੱਚ/84
ਜੋਧਾ ਮੱਲ ਰੋਡ, ਹੁਸ਼ਿਆਰਪੁਰ
98140-36480

ਕਿਤਾਬ ਦਾ ਨਾਂ : ਚਿੱਠੀਆਂ

ਕਵੀ : ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)

ਸੰਪਾਦਕ : ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ

ਲਿੱਪੀਅੰਤਰਨ ਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
ਅਸਿਸਟੈਂਟ ਪ੍ਰੋਫ਼ੈਸਰ
ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਕੈਂਪਸ
ਪਟਿਆਲਾ-147002
ਮੋ: 09888856914, 07009456145
E-mail: nadeem.pup@gmail.com

ਪ੍ਰਕਾਸ਼ਨ : 2021

ਕੀਮਤ : 50/- ਰੁਪਏ

ਕਾਪੀਆਂ : 1000

ਪ੍ਰਕਾਸ਼ਕ : ਕੇ. ਸੀ. ਮਹਾਜਨ ਐਡਵੋਕੇਟ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ
ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ,
ਹੁਸ਼ਿਆਰਪੁਰ। ਮੋ: 98140-36480

ਪੁਸਤਕ ਮਿਲਣ ਦਾ ਪਤਾ : ਵਿਜੈ ਬੁੱਕ ਡਿਪੂ, ਸਾਹਮਣੇ ਸਰਕਾਰੀ ਹਾਈ
ਸਕੂਲ, ਪਿੰਡ ਤੇ ਡਾਕ. ਆਲਮਪੁਰ
ਹੁਸ਼ਿਆਰਪੁਰ-144202
ਫੋਨ : 98159-21270

# ਤਤਕਰਾ


1. ਭੂਮਿਕਾ- ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ 4
2. ਸੰਖੇਪ ਜਾਣ-ਪਹਿਚਾਣ- ਡਾ. ਨਦੀਮ ਅਹਿਮਦ ਨਦੀਮ 8
3. ਜੀਵਨੀ- ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)- 10
4. ਸ਼ਜਰਾ-ਏ-ਨਸਬ (ਬੰਸਾਵਲੀ) 17
5. ਚਿੱਠੀ ਬਨਾਮ ਸੱਯਦ ਰੌਸ਼ਨ ਅਲੀ 18
6. ਚਿੱਠੀ ਬਨਾਮ ਹੀਰੇ ਸ਼ਾਹ 30
7. ਚਿੱਠੀ ਬਨਾਮ ਮੀਆਂ ਗ਼ੁਲਾਮ ਯਾਸੀਨ ਸਾਹਿਬਜ਼ਾਦਾ 36
8. ਪ੍ਰਕਾਸ਼ਿਤ ਅਤੇ ਪ੍ਰਕਾਸ਼ਨ ਅਧੀਨ ਪੁਸਤਕਾਂ 39
9. ਨਜ਼ਰਾਨਾ-ਏ-ਅਕੀਦਤ-ਮਸਊਦ ਅਹਿਮਦ ਚੌਧਰੀ

# ਭੂਮਿਕਾ

ਇਹ ਗੱਲ ਕਈ ਸਾਲਾਂ ਤੋਂ ਮੇਰੇ ਮਨ ਵਿੱਚ ਵਿਚਰ ਰਹੀ ਸੀ ਕਿ ਮੌਲਵੀ ਸਾਹਿਬ ਦੀਆਂ ਉਹ ਰਚਨਾਵਾਂ ਜਿਹੜੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਾਂ ਪ੍ਰਕਾਸ਼ਿਤ ਹੋਣ ਉਪਰੰਤ ਬਾਜ਼ਾਰ ਵਿਚੋਂ ਨਾਯਾਬ ਹੋ ਚੁੱਕੀਆਂ ਹਨ ਅਤੇ ਜਿਹੜੀਆਂ ਰਚਨਾਵਾਂ ਅਜੇ ਪ੍ਰਕਾਸ਼ਿਤ ਨਹੀਂ ਹੋਈਆਂ, ਉਨ੍ਹਾਂ ਦੇ ਪਰੂਫ਼ ਸੋਧਨ ਤੋਂ ਬਾਅਦ ਛਾਪ ਦਿੱਤੀਆਂ ਜਾਣ। ਇਹ ਗੱਲ ਅੱਜ ਦੀ ਨਹੀਂ ਸਗੋਂ ਜਦ ਤੋਂ ਮੈਂ ਹੋਸ਼ ਸੰਭਾਲਿਆ ਹੈ, ਇਸ ਖ਼ਿਆਲ ਨੇ ਹਮੇਸ਼ਾ ਮੈਨੂੰ ਚੇਤਨ ਰੱਖਿਆ ਹੈ ਅਤੇ ਬੇਚੈਨ ਵੀ। ਮੇਰੇ ਜੀਵਨ ਦਾ ਕੋਈ ਪਲ-ਛਿਣ ਅਜਿਹਾ ਨਹੀਂ ਲੰਘਿਆ ਜੋ ਮੌਲਵੀ ਸਾਹਿਬ (ਰਹਿ.) ਦੀ ਸ਼ਖ਼ਸੀਅਤ, ਕਲਾਮ, ਮਜ਼ਾਰ-ਏ-ਅਕਦਸ ਦੀ ਤਾਮੀਰ ਅਤੇ ਉਨ੍ਹਾਂ ਦੀਆਂ ਯਾਦਗਾਰਾਂ ਦੇ ਨਿਰਮਾਣ ਸੰਬੰਧੀ ਸੋਚ-ਵਿਚਾਰ ਨਾ ਕੀਤਾ ਹੋਵੇ। ਜੇਕਰ ਸੱਚ ਪੁੱਛੋ ਤਾਂ ਇਹ ਸਾਰੀਆਂ ਗੱਲਾਂ ਮੇਰੇ ਜੀਵਨ ਨਾਲ ਸੰਬੰਧਤ ਨਾ ਹੁੰਦੀਆਂ, ਇਹ ਭਾਵਨਾ ਜਾਂ ਤਹਿਰੀਕ ਮੇਰੇ ਅੰਦਰ ਨਾ ਪਨਪਦੀ ਤਾਂ ਸ਼ਾਇਦ ਮੇਰਾ ਹਾਲ ਕੁਝ ਹੋਰ ਹੁੰਦਾ। ਜਿਸ ਤਰ੍ਹਾਂ ਮੇਰੀ ਜ਼ਿੰਦਗੀ ਵਿਚ ਬੜੇ ਅਜੀਬ-ਓ-ਗ਼ਰੀਬ ਉਤਾਰ ਚੜ੍ਹਾਅ ਆਏ, ਮੈਨੂੰ ਕੇਵਲ ਆਪ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾਮ ਤੋਂ ਰਹਿਨੁਮਾਈ ਤੇ ਹੌਸਲਾ ਮਿਲਦਾ ਰਿਹਾ ਅਤੇ ਮੈਂ ਆਪਣੀ ਪੂਰੀ ਤਾਕਤ ਨਾਲ ਅੱਗੇ ਵੱਧਦਾ ਰਿਹਾ।

ਮੈਨੂੰ ਸ਼ੁਰੂ ਤੋਂ ਹੀ ਇਸ ਗੱਲ ਦਾ ਵੀ ਭਰਪੂਰ ਅਹਿਸਾਸ ਸੀ ਕਿ ਇਹ ਕੰਮ ਬਹੁਤ ਵੱਡਾ ਹੈ ਅਤੇ ਔਖਾ ਵੀ, ਪਰੰਤੂ ਨਾਲ ਹੀ ਇਹ ਅਹਿਸਾਸ ਵੀ ਸੀ ਕਿ ਜੇਕਰ ਹੁਣ ਨਾ ਹੋ ਸਕਿਆ ਤਾਂ ਫੇਰ ਕਦੋਂ ਹੋਵੇਗਾ? ਮੈਂ ਤਾਂ ਮੌਲਵੀ ਸਾਹਿਬ (ਰਹਿ.) ਦੀ ਜ਼ਬਾਨ ਦੇ ਲਹਿਜੇ ਨੂੰ ਵੀ ਸਮਝਦਾ ਹਾਂ ਅਤੇ ਉਹਨਾਂ ਦੇ ਖ਼ਾਨਦਾਨੀ ਹਾਲਾਤ, ਵਿੱਦਿਆ ਅਤੇ ਦੂਜੀ ਜਾਣਕਾਰੀ ਸਬੰਧੀ ਵੀ ਮੇਰੇ ਕੋਲ ਸੱਚਾ ਤੇ ਕੀਮਤੀ ਖ਼ਜ਼ਾਨਾ ਉਪਲਬਧ ਹੈ, ਇਸ ਲਈ ਇਸ ਨੂੰ ਲਿਖਤੀ ਰੂਪ ਵਿਚ ਆਮ ਲੋਕਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਦੂਜੀ ਮਹੱਤਵਪੂਰਨ ਗੱਲ ਇਹ ਕਿ ਮੈਂ ਕਦੇ ਕਿਸੇ ਅਹਿਮ ਸ਼ਖ਼ਸੀਅਤ ਸੰਬੰਧੀ ਅਤੇ ਫਿਰ ਉਚੇਚੇ ਤੌਰ ਤੇ ਮੌਲਵੀ ਸਾਹਿਬ (ਰਹਿ.) ਬਾਰੇ ਕਦੀ ਕੋਈ ਅਜਿਹੀ ਗੱਲ ਨਹੀਂ ਲਿਖ ਸਕਦਾ ਜਿਸ ਦੀ ਵਾਸਤਵਿਕਤਾ ਸੰਬੰਧੀ ਮੈਨੂੰ ਸ਼ੱਕ ਹੋਵੇ। ਉਨ੍ਹਾਂ ਨਾਲ ਮੇਰੀ ਮੁਹੱਬਤ ਦਾ ਤਕਾਜ਼ਾ ਵੀ ਇਹੋ ਹੈ ਕਿ ਮੈਂ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਨਾ ਕਰਾਂ ਅਤੇ ਨਾ ਹੀ ਆਪਣੀ ਨਿੱਜੀ ਅਭਿਲਾਸ਼ਾ ਨੂੰ ਸਾਹਮਣੇ ਲਿਆਉਣ ਦਾ ਉਪਰਾਲਾ ਕਰਾਂ। ਮੈਨੂੰ ਹਮੇਸ਼ਾ ਹੈਰਾਨੀ ਹੋਈ ਕਿ ਕੁੱਝ ਲੋਕ ਆਪਣੇ ਨਿੱਜੀ ਮਨੋਰਥ ਨੂੰ ਪੂਰਾ ਕਰਨ ਲਈ ਹਾਲਾਤ ਅਤੇ ਘਟਨਾਵਾਂ ਨੂੰ ਗ਼ਲਤ ਤੌਰ ਤੇ ਪੇਸ਼ ਕਰਦੇ ਹਨ, ਜਿਸ ਨਾਲ

ਇਤਿਹਾਸ ਦਾ ਚਿਹਰਾ ਹੀ ਬਦਲ ਜਾਂਦਾ ਹੈ ਤੇ ਇਸ ਗੱਲ ਦਾ ਮਾੜਾ ਪ੍ਰਭਾਵ ਹਮੇਸ਼ਾ ਆਉਣ ਵਾਲੀਆਂ ਨਸਲਾਂ 'ਤੇ ਪੈਂਦਾ ਹੈ। ਉਹ ਇਤਿਹਾਸ ਦੀ ਅਸਲ ਜਾਣਕਾਰੀ ਨਾ ਹੋਣ ਕਾਰਨ ਆਪਣੀ ਸੱਭਿਅਤਾ, ਤਹਿਜ਼ੀਬ ਤੇ ਸਮਾਜੀ ਕਦਰਾਂ-ਕੀਮਤਾਂ ਨਾਲ ਸੁਚੱਜੇ ਢੰਗ ਨਾਲ ਪ੍ਰੀਚੈ ਨਹੀਂ ਹੋ ਸਕਦੇ। ਖ਼ੈਰ ਨੇਕੀ ਤੇ ਬਦੀ ਦਾ ਹਮੇਸ਼ਾ ਤੋਂ ਮੁਕਾਬਲਾ ਰਿਹਾ ਹੈ ਪਰ ਜਿੱਤ ਹਮੇਸ਼ਾ ਸੱਚ ਦੀ ਹੀ ਹੁੰਦੀ ਹੈ। ਇਸ ਲਈ ਮੈਂ 1990 ਈ. ਵਿਚ ਮੌਲਵੀ ਸਾਹਿਬ (ਰਹਿ.) ਦੇ ਨਾਂ ਤੇ ਇਕ ਆਰਗੇਨਾਈਜ਼ੇਸ਼ਨ ਰਜਿਸਟਰਡ ਕਰਵਾਈ ਅਤੇ ਨਾਲ ਹੀ ਮੁਤਾਲਿਆ ਵੀ ਜਾਰੀ ਰਿਹਾ। ਰੱਬ ਨੇ ਮੈਨੂੰ ਉਹ ਸਮਝ ਬਖ਼ਸ਼ੀ ਤਾਂ ਕਿ ਮੈਂ ਚੀਜ਼ਾਂ ਨੂੰ ਸਹੀ ਢੰਗ ਨਾਲ ਜਾਂਚ ਪਰਖ ਸਕਾਂ। ਮੈਂ ਕੋਸ਼ਿਸ਼ ਕੀਤੀ ਕਿ ਵਿਸ਼ੇਸ਼ ਤੌਰ ਤੇ ਹੁਸ਼ਿਆਰਪੁਰ, ਜਲੰਧਰ ਅਤੇ ਖ਼ਿੱਤੇ ਦੇ ਦੂਜਿਆਂ ਜ਼ਿਲਿਆਂ ਦੀਆਂ ਬੋਲੀਆਂ ਨੂੰ ਸਮਝ ਸਕਾਂ। ਇਸਲਾਮੀ ਇਤਿਹਾਸ, ਸਾਂਝੇ ਭਾਰਤ ਅਤੇ ਸੰਯੁਕਤ ਪੰਜਾਬ ਦੇ ਸਾਰੇ ਇਲਾਕਿਆਂ ਸਬੰਧੀ ਜਾਣਕਾਰੀ ਪ੍ਰਾਪਤ ਹੋਵੇ। ਇੱਥੇ ਦੀਆਂ ਬਰਾਦਰੀਆਂ ਤੇ ਕਬੀਲਿਆਂ ਦੇ ਜੀਵਨ ਚਰਿੱਤਰ, ਵਾਰਤਾਲਾਪ ਦੇ ਢੰਗ ਜਾਂ ਸੰਵਾਦ ਨੂੰ ਸਮਝ ਸਕਾਂ ਅਤੇ ਸਭ ਤੋਂ ਵਿਸ਼ੇਸ਼ ਇਹ ਕਿ ਮੌਲਵੀ ਸਾਹਿਬ (ਰਹਿ.) ਨੇ ਆਪਣੇ ਕਲਾਮ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਹੈ? ਉਨ੍ਹਾਂ ਦੇ ਸਹੀ ਸਹੀ ਜੀਵਨ ਚਰਿੱਤਰ, ਰਹਿਣ ਸਹਿਣ, ਲੋਕਾਂ ਨਾਲ ਮੇਲ ਮਿਲਾਪ ਦੇ ਢੰਗ, ਉਨ੍ਹਾਂ ਦੀਆਂ ਆਦਤਾਂ, ਖ਼ਾਨਦਾਨੀ ਹਾਲਾਤ, ਉਨ੍ਹਾਂ ਦੇ ਕਾਵਿ ਦਾ ਮੱਯਾਰ ਅਤੇ ਦੂਜੇ ਕਵੀਆਂ, ਵਿਸ਼ੇਸ਼ ਤੌਰ ਤੇ ਸੂਫ਼ੀ ਕਵੀਆਂ ਨਾਲ ਤੁਲਨਾਤਮਕ ਅਧਿਐਨ ਅਤੇ ਸ਼ਾਇਰਾਂ ਵਿਚ ਉਨ੍ਹਾਂ ਦੀ ਵਿਲੱਖਣਤਾ, ਉਨ੍ਹਾਂ ਦੇ ਗੱਲ ਕਹਿਣ ਦਾ ਅੰਦਾਜ਼, ਕਲਾਮ ਦਾ ਸਤਰ ਜਾਂ ਕਸੌਟੀ, ਉਸ ਦੀ ਗਹਿਰਾਈ ਤੇ ਡੂੰਘਾਣ ਅਤੇ ਹੁਣ ਤੱਕ ਜਿੰਨੇ ਵੀ ਲੋਕਾਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਤੇ ਕਲਾ ਸਬੰਧੀ ਲਿਖਿਆ, ਉਨ੍ਹਾਂ ਦੀ ਸੋਚ ਤੇ ਜ਼ਿਹਨੀਅਤ, ਉਨ੍ਹਾਂ ਦੇ ਅਕੀਦਿਆਂ ਤੇ ਵਿਚਾਰਧਾਰਾਵਾਂ, ਭਾਵ ਉਨ੍ਹਾਂ ਨਾਲ ਸਬੰਧੰਤ ਹਰ ਪ੍ਰਕਾਰ ਦੇ ਮਾਮਲਿਆਂ ਨੂੰ ਸਮਝਣ ਦਾ ਉਪਰਾਲਾ ਕੀਤਾ। ਇਸ ਵਿਚ ਰੱਬ ਨੇ ਮੇਰੀ ਉਚੇਚੀ ਸਹਾਇਤਾ ਤੇ ਮਾਰਗ ਦਰਸ਼ਨ ਕੀਤਾ ਅਤੇ ਮੈਨੂੰ ਸੂਝ-ਬੂਝ ਬਖ਼ਸ਼ੀ, ਰੱਬ ਦੀਆਂ ਰਹਿਮਤਾਂ ਹੁੰਦੀਆਂ ਰਹੀਆਂ ਤੇ ਭੇਦ ਖੁੱਲਦੇ ਰਹੇ, ਚਾਨਣ ਹੁੰਦਾ ਰਿਹਾ।

ਮੈਂ ਸਮਝਦਾ ਹਾਂ ਕਿ ਭਾਸ਼ਾ ਦਾ ਲਹਿਜਾ ਅਤੇ ਬੋਲੀ ਹਰ ਵਿਅਕਤੀ ਦੀ ਆਪਣੀ ਹੀ ਰਹਿਣੀ ਚਾਹੀਦੀ ਹੈ ਕਿਉਂਕਿ ਵੱਖੋ-ਵੱਖਰੇ ਜ਼ਿਲਿਆਂ ਵਿਚ ਪੰਜਾਬੀ ਦੇ ਲਹਿਜੇ ਵੀ ਵਿਭਿੰਨ ਪ੍ਰਕਾਰ ਦੇ ਹਨ, ਜਿਨ੍ਹਾਂ ਨੂੰ ਸੁਰੱਖਿਅਤ ਰਹਿਣਾ ਚਾਹੀਦਾ ਹੈ ਅਤੇ ਕੋਈ ਵਿਸ਼ੇਸ਼ ਪ੍ਰਕਾਰ ਦੀ ਪੰਜਾਬੀ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਨਾਲ ਪੰਜਾਬੀ ਦਾ ਨੁਕਸਾਨ ਹੋ ਸਕਦਾ ਹੈ। ਉਦਾਹਰਣ ਵੱਜੋਂ ਕੁੱਝ ਸਮਾਨਾਰਥੀ ਸ਼ਬਦ ਦਰਜ ਕਰਦਾ ਹਾਂ ਜਿਵੇਂ ਦੇਖਿਆ-ਵੇਖਿਆ, ਚੰਦ-ਚੰਨ, ਸੁਫ਼ਨਾ-ਸੁਫਨਾ ਆਦਿ। ਮੌਲਵੀ ਸਾਹਿਬ (ਰਹਿ.) ਦਾ ਸ਼ਾਗਿਰਦ ਸੱਯਦ ਰੌਸ਼ਨ ਅਲੀ ਜਦੋਂ ਮਾਲਵੇ ਵਿਚ ਠਹਿਰਿਆ ਹੋਇਆ ਸੀ ਤਾਂ ਉਸ ਨੂੰ ਲਿਖੀ ਗਈ ਆਪਣੀ ਇਕ ਚਿੱਠੀ ਵਿਚ ਮੌਲਵੀ ਸਾਹਿਬ ਹੁਸ਼ਿਆਰਪੁਰ ਅਤੇ ਮਾਲਵੇ ਦੀਆਂ

ਬੋਲੀਆਂ ਦਾ ਵਿਵੇਚਨ ਜਾਂ ਤਜ਼ਕਰਾ ਕੁਝ ਇਸ ਤਰ੍ਹਾਂ ਕਰਦੇ ਹਨ:

ਏਥੇ ਅਸੀਂ ਆਹੇ ਉਥੇ ਬਣੇ ਆਪਾਂ
ਜਦੋਂ ਬੋਲੀਆਂ ਹੋਰ ਦੀਆਂ ਹੋਰ ਹੋਈਆਂ।

ਹੱਥਲੀ ਪੁਸਤਕ **"ਚਿੱਠੀਆਂ"** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਅਹਿਮ ਰਚਨਾ ਹੈ। ਮੁਹੰਮਦ ਆਲਮ ਕਪੂਰਥਲਵੀ ਮਰਹੂਮ ਨੇ ਮੌਲਵੀ ਸਾਹਿਬ (ਰਹਿ.) ਦੀਆਂ ਸੱਤ ਲਿਖਤਾਂ ਭਾਵ 1. ਚਿੱਠੀ ਬਨਾਮ ਰੌਸ਼ਨ ਅਲੀ 2. ਚਿੱਠੀ ਬਨਾਮ ਹੀਰੇ ਸ਼ਾਹ 3. ਚਿੱਠੀ ਬਨਾਮ ਗ਼ੁਲਾਮ ਯਾਸੀਨ 4. ਹੁਲੀਆ ਸ਼ਰੀਫ਼ ਹਜ਼ੂਰ ਸੱਲਲੱਾਹੁ ਅਲੈਹਿ ਵਸੱਲਮ 5. ਸੀ-ਹਰਫ਼ੀ ਸੱਸੀ ਪੁਨੂੰ 6. ਸੀ-ਹਰਫ਼ੀ ਚੌਪਟਨਾਮਾ 7. ਸੀ-ਹਰਫ਼ੀ ਪੰਧਨਾਮਾ ਆਦਿ ਨੂੰ ਇਕੱਠਾ ਕਰਕੇ ਕਿਤਾਬੀ ਸ਼ਕਲ ਵਿਚ ਪ੍ਰਕਾਸ਼ਿਤ ਕੀਤਾ ਅਤੇ ਇਸ ਸੰਗ੍ਰਹਿ ਦਾ ਨਾਂ "ਸਤ ਫਲ" ਰਖਿਆ, ਪਰ ਮੈਂ ਇਹ ਫ਼ੈਸਲਾ ਕੀਤਾ ਕਿ ਮੌਲਵੀ ਸਾਹਿਬ ਰਹਿ. ਦੀਆਂ ਰਚਨਾਵਾਂ ਨੂੰ ਉਨ੍ਹਾਂ ਦੇ ਅਸਲ ਨਾਂ ਨਾਲ ਹੀ ਪ੍ਰਕਾਸ਼ਿਤ ਕੀਤਾ ਜਾਵੇ। ਇਸ ਕਰਕੇ "ਹੁਲੀਆ ਸ਼ਰੀਫ਼ ਸੱਲਲੱਾਹੁ ਅਲੈਹਿ ਵਸੱਲਮ" ਨੂੰ ਵੱਖਰਾ ਕਰਕੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਕੰਮ ਦੀ ਸੋਧ ਦੇ ਹਵਾਲੇ ਨਾਲ ਵੱਖ-ਵੱਖ ਦੋਸਤਾਂ-ਮਿੱਤਰਾਂ ਨਾਲ ਗੱਲ-ਬਾਤ ਹੁੰਦੀ ਰਹੀ ਜਿਨ੍ਹਾਂ ਵਿਚ ਮੁਹੰਮਦ ਐਸ ਆਬਿਦ ਸਾਹਿਬ, ਪ੍ਰੋਫ਼ੈਸਰ ਮੁਫ਼ਤੀ ਅਬਦੁਰ ਰਊਫ਼ ਸਾਹਿਬ, ਅਲੱਾਮਾ ਨਾਦਿਰ ਜਾਜਵੀ ਸਾਹਿਬ ਅਤੇ ਅਹਿਸਾਨ ਬਾਜਵਾ ਸਾਹਿਬ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਇਹ ਸਭ ਦੋਸਤ ਮੇਰੇ ਕੋਲ ਤਸ਼ਰੀਫ਼ ਲਿਆਉਂਦੇ ਰਹੇ ਅਤੇ ਮਸ਼ਵਰਿਆਂ ਦਾ ਅਮਲ ਜਾਰੀ ਰਿਹਾ। ਸਤ ਫ਼ਲ ਵਿਚ ਮੁਹੰਮਦ ਆਲਮ ਹੋਰਾਂ ਤੋਂ ਅਣਜਾਨੇ ਵਿਚ ਜਿੱਥੇ ਕੋਈ ਤਰੁੱਟੀ ਰਹਿ ਗਈ ਸੀ ਜਾਂ ਕੋਈ ਸ਼ਬਦ ਉਨ੍ਹਾਂ ਦੀ ਸਮਝ ਵਿਚ ਨਾ ਆ ਸਕਿਆ ਉਸ ਨੂੰ ਅੰਕਿਤ ਕਰਤਾ ਅਤੇ ਮੁਹੰਮਦ ਐਸ ਆਬਿਦ ਸਾਹਿਬ ਨੇ ਸਹੀ ਕੀਤਾ। ਮੁਹੰਮਦ ਐਸ ਸਾਹਿਬ ਨੇ ਚਿੱਠੀਆਂ, ਹੁਲੀਆ ਸ਼ਰੀਫ਼ ਹਜ਼ੂਰ ਸੱਲੱਲਾਹੁ ਅਲੈਹਿ ਵਸੱਲਮ, ਸੀ-ਹਰਫ਼ੀ ਸੱਸੀ ਪਨੂੰ, ਚੌਪਟਨਾਮਾ ਅਤੇ ਪੰਧਨਾਮਾ ਆਦਿ ਦੀ ਪਰੂਫ਼ ਰੀਡਿੰਗ ਦੇ ਸੰਬੰਧ ਵਿਚ ਮੇਰੇ ਨਾਲ ਮਿਲ ਕੇ ਬਹੁਤ ਮੁਸ਼ੱਕਤ ਕੀਤੀ ਅਤੇ ਕੁਝ ਔਖੇ ਸ਼ਿਅਰਾਂ ਨੂੰ ਵੀ ਹੱਲ ਕੀਤਾ। ਰਾਕਿਮ ਮੌਸੂਫ਼ ਦੀਆਂ ਇਹਨਾਂ ਸੇਵਾਵਾਂ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਦਿਲੋਂ ਦੁਆ ਕਰਦਾ ਹਾਂ ਕਿ ਜਿਸ ਇਸ਼ਕ ਦੇ ਜਜ਼ਬੇ ਨਾਲ ਉਨ੍ਹਾਂ ਨੇ ਮੌਲਵੀ ਸਾਹਿਬ ਦੀਆਂ ਰਚਨਾਵਾਂ ਨੂੰ ਮਿਹਨਤ ਨਾਲ ਸੋਧਨ ਤੇ ਸ਼ਿੰਗਾਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਲਈ ਅੱਲਾਹ ਤਆਲਾ ਉਨ੍ਹਾਂ ਨੂੰ ਦਾਰੀਨ ਵਿਚ ਅਜਰ-ਏ-ਜਜ਼ੀਲ ਅਤਾ ਫ਼ਰਮਾਵੇ। ਰੱਬਾਨਾ ਤਕੱਬਲ ਮਿੰਨਾ ਇੰਨਾਕਾ ਅੰਤ-ਉਸ-ਸਮੀਅ-ਉਲ-ਅਲੀਮ।

ਇੱਥੇ ਉਨ੍ਹਾਂ ਦੋਸਤ ਅਹਿਬਾਬ ਦਾ ਜ਼ਿਕਰ ਨਾ ਕਰਾਂ ਤਾਂ ਬੇ-ਇਨਸਾਫ਼ੀ ਹੋਵੇਗੀ ਜਿਨ੍ਹਾਂ ਇਸ ਪੁਸਤਕ ਦੀ ਤਿਆਰੀ ਵਿਚ ਵਿੱਤੀ ਸਹਾਇਤਾ ਦਿੱਤੀ। ਇਹਨਾਂ ਮਿਹਰਬਾਨ ਦੋਸਤਾਂ ਵਿਚ ਮੁਹੰਮਦ ਆਸਿਫ਼ ਸਾਹਿਬ, ਹਾਜੀ ਮੁਹੰਮਦ ਸਈਦ ਗੁੱਜਰ ਸਾਹਿਬ, ਰਾਣਾ ਫ਼ਜ਼ਲ-ਉਰ ਰਹਿਮਾਨ ਸਾਹਿਬ, ਸੱਜਾਦ ਰਸੂਲ

ਸਾਹਿਬ, ਇਨਆਮ ਉਲੱਾਹ ਸਾਹਿਬ ਅਤੇ ਮੁਹਸਿਨ ਅਲੀ ਚੱਠਾ ਸਾਹਿਬ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਮੈਂ ਇਹਨਾਂ ਸਾਰੇ ਦੋਸਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਇੱਕ ਨੇਕ ਮੰਤਵ ਲਈ ਪੁਰਖ਼ਲੂਸ ਯੋਗਦਾਨ ਦਿੱਤਾ। ਅਲੱਾਹ ਤਆਲਾ ਇਹਨਾਂ ਸਾਰਿਆਂ 'ਤੇ ਆਪਣਾ ਵਿਸ਼ੇਸ਼ ਫ਼ਜ਼ਲ ਤੇ ਅਹਿਸਾਨ ਫ਼ਰਮਾਵੇ।

ਮੈਂ ਆਪਣੇ ਮਿੱਤਰ ਸਰਦਾਰ ਚੇਤਨ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ (ਰੀਟਾਇਰਡ) ਦਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਮੌਲਵੀ ਸਾਹਿਬ ਦੀਆਂ ਸੂਫ਼ੀ ਰੰਗ ਵਾਲੀਆਂ ਮਹਾਨ ਸਾਹਿਤਕ ਰਚਨਾਵਾਂ ਦੇ ਪੁਨਰ-ਪ੍ਰਕਾਸ਼ਨ ਸਬੰਧੀ ਯੋਗ ਸਲਾਹ-ਮਸ਼ਵਰਾ ਅਤੇ ਸਹਿਯੋਗ ਦਿੱਤਾ।

ਉਂਜ ਮੈਂ ਇਸ ਪੁਸਤਕ ਦੇ ਬੇਹਤਰੀਨ ਪ੍ਰਕਾਸ਼ਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਫੇਰ ਵੀ ਕਿਤੇ ਟਾਇਪਿੰਗ ਦੀ ਕੋਈ ਗ਼ਲਤੀ ਨਜ਼ਰ ਆਵੇ ਤਾਂ ਰਹਿਨੁਮਾਈ ਕਰਨ ਦੀ ਖੇਚਲ ਕਰਨਾ ਜੀ, ਸੋਧ ਤੇ ਨਿਪੁੰਨਤਾ ਲਈ ਕੋਸ਼ਿਸ਼ ਜਾਰੀ ਰਹੇਗੀ।

ਧੰਨਵਾਦ!

**ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ**
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ
ਰਿਸਰਚ ਆਰਗੇਨਾਈਜ਼ੇਸ਼ਨ ਫ਼ੈਸਲਾਬਾਦ
0092-300-4473366, 0092-313-8666611
Email: president_alampuri@yahoo.com
president_org@hotmail.com
Website: www.alampuri-research.org

*****

# ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
## (ਸੰਖੇਪ ਜਾਣ-ਪਛਾਣ)

| | | |
|---|---|---|
| ਨਾਂ | : | ਗ਼ੁਲਾਮ ਰਸੂਲ |
| ਸਾਹਿਤਕ ਨਾਂ | : | ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) |
| ਆਮਦ | : | 5 ਰਬੀਅ-ਉਲ-ਅੱਵਲ 1265 ਹਿਜਰੀ ਬਮੁਤਾਬਿਕ 29 ਜਨਵਰੀ, ਦਿਨ ਸੋਮਵਾਰ 1849 ਈਸਵੀ |
| ਸਥਾਨ | : | ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਹਿੰਦੁਸਤਾਨ |
| ਮਾਪੇ | : | ਮੁਹਤਰਮਾ ਰਹਿਮਤ ਬੀਬੀ ਸਾਹਿਬਾ<br>ਚੌਧਰੀ ਮੁਰਾਦ ਬਖ਼ਸ਼ ਸਾਹਿਬ |
| ਭੈਣ-ਭਰਾ | : | ਆਪ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸਨ। |
| ਵਿੱਦਿਆ | : | ਜ਼ਾਹਿਰੀ ਵਿੱਦਿਆ ਬਾਰੇ ਕੋਈ ਸੁਰਾਗ਼ ਨਹੀਂ ਮਿਲਦਾ, ਹਾਂ ਇਹ ਜ਼ਰੂਰ ਕਿਹਾ ਜਾਂਦਾ ਹੈ ਕਿ ਆਪ ਇਲਮ-ਏ-ਲੱਦੁੰਨੀ (ਇਲਹਾਮੀ ਇਲਮ) ਦੀਆਂ ਨੇਅਮਤਾਂ ਨਾਲ ਮਾਲਾ-ਮਾਲ ਸਨ। ਉਂਜ ਮੁੱਢਲੀ ਸਿੱਖਿਆ ਵੱਜੋਂ ਆਪਣੇ ਪਿੰਡ ਦੇ ਮੌਲਵੀ ਹਾਮਿਦ ਸਾਹਿਬ ਤੋਂ ਅਰਬੀ ਤੇ ਫ਼ਾਰਸੀ ਦਾ ਗਿਆਨ ਪ੍ਰਾਪਤ ਕੀਤਾ ਅਤੇ ਫੇਰ ਇਕ ਨੇੜਲੇ ਪਿੰਡ ਗ਼ਿਲਜੀਆਂ ਦੇ ਮੌਲਵੀ ਉਸਮਾਨ ਸਾਹਿਬ ਤੋਂ ਵੀ ਤਾਲੀਮ ਪ੍ਰਾਪਤ ਕੀਤੀ। |
| ਮੁਲਾਜ਼ਮਤ | : | 1864 ਈਸਵੀ ਤੋਂ 1878 ਈ. ਤੱਕ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਈਆਂ। 1878 ਈ. ਵਿਚ ਪਿੰਡ ਮਹੇਸਰ ਵਿਖੇ ਤਬਾਦਲਾ ਹੋਇਆ। 1882 ਈ. ਵਿਚ ਅਸਤੀਫ਼ਾ ਦੇ ਕੇ ਆਲਮਪੁਰ ਆ ਗਏ। ਉਸ ਸਮੇਂ ਆਪ ਦੀ ਉਮਰ ਕੇਵਲ 33 ਸਾਲ ਸੀ। |
| ਵਿਆਹ | : | ਆਪ ਜੀ ਦੇ ਤਿੰਨ ਵਿਆਹ ਹੋਏ। ਪਹਿਲੀ ਪਤਨੀ ਤੋਂ ਕੋਈ ਸੰਤਾਨ ਨਹੀਂ ਹੋਈ। ਦੂਜੀ ਪਤਨੀ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ "ਆਇਸ਼ਾ ਬੀਬੀ" ਸੀ। ਤੀਜੀ ਪਤਨੀ ਤੋਂ ਵੀ ਇਕ ਬੇਟੀ ਪੈਦਾ ਹੋਈ ਜਿਸ ਦਾ ਨਾਂ "ਖ਼ਦੀਜਾ ਬੀਬੀ" ਸੀ। |
| ਰੁਖ਼ਸਤ | : | 7 ਸ਼ਅਬਾਨ 1309 ਹਿਜਰੀ ਬਮੁਤਾਬਿਕ 7 ਮਾਰਚ ਦਿਨ ਸੋਮਵਾਰ 1892 ਈਸਵੀ। |

ਆਖ਼ਰੀ
ਆਰਾਮਗਾਹ : ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲਾ ਹੁਸ਼ਿਆਰਪੁਰ, ਹਿੰਦੁਸਤਾਨ।

**ਪੰਜਾਬੀ ਰਚਨਾਵਾਂ:**

1. ਦਾਸਤਾਨ-ਏ-ਅਮੀਰ ਹਮਜ਼ਾ (ਪਹਿਲੀ ਜਿਲਦ) 1864 ਈਸਵੀ
   ਦੂਜੀ ਅਤੇ ਤੀਜੀ ਜਿਲਦ 1869 ਈ.
   (ਇਸ ਵਿਚ ਲੱਗਭਗ 20 ਹਜ਼ਾਰ ਸ਼ਿਅਰ ਹਨ)
2. ਰੂਹ-ਉਲ-ਤਰਤੀਲ 1868 ਈ.
3. ਅਹਸਨ-ਉਲ-ਕਸਸ
   (ਪ੍ਰਸਿੱਧ ਕਿੱਸਾ ਯੁਸੂਫ਼ ਜ਼ੁਲੈਖ਼ਾ) 1873 ਈ.
4. ਸੀ-ਹਰਫ਼ੀ "ਹੁਲੀਆ ਸ਼ਰੀਫ਼ ਹਜ਼ੂਰ ਸੱਲਲਾਹੁ ਅਲੈਹਿ ਵ-ਸੱਲਮ 9 ਮਾਰਚ 1880 ਈ.
5. ਚਿੱਠੀਆਂ 10 ਨਵੰਬਰ 1882 ਈ.
6. ਸੀ-ਹਰਫ਼ੀ ਸੱਸੀ ਪੁਨੂੰ
7. ਸੀ ਹਰਫ਼ੀ ਚੋਪਟਨਾਮਾ
8. ਸੀ-ਹਰਫ਼ੀ ਪੰਧਨਾਮਾ

   ਜਿਨ੍ਹਾਂ ਪੁਸਤਕਾਂ ਦੇ ਕੇਵਲ ਨਾਂ ਦਾ ਹੀ ਜ਼ਿਕਰ ਮਿਲਦਾ ਹੈ।

9. ਗੁੱਜਰਨਾਮਾ
10. ਕਿੱਸਾ ਰੂਪਨ

**ਉਰਦੂ ਰਚਨਾਵਾਂ**

1. ਮਸਅਲਾ-ਏ-ਤੌਹੀਦ (ਵਾਰਤਕ) 1878 ਈ.
2. ਮਆਰਿਬ-ਉਲ-ਖ਼ਾਸ਼ਿਈਨ (ਵਾਰਤਕ) 1887 ਈ.
3. ਉਰਦੂ ਗਜ਼ਲੀਆਤ (ਉਪਲੱਬਧ ਨਹੀਂ)

**ਡਾ. ਨਦੀਮ ਅਹਿਮਦ ਨਦੀਮ**
ਅਸਿਸਟੈਂਟ ਪ੍ਰੋਫ਼ੈਸਰ
ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ
ਪੰਜਾਬੀ ਯੂਨੀਵਰਸਿਟੀ ਕੈਂਪਸ
ਪਟਿਆਲਾ-147002

*****

# ਜੀਵਨੀ

ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ

## ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)

**ਜਨਮ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਜਨਮ 5 ਰਬੀਅ-ਉਲ-ਅਵੱਲ 1265 ਹਿਜਰੀ (29 ਜਨਵਰੀ 1849 ਈ.) ਦਿਨ ਸੋਮਵਾਰ ਨੂੰ ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਹਿੰਦੁਸਤਾਨ ਵਿੱਚ ਹੋਇਆ। ਆਪ ਦੇ ਦਾਦਾ ਜੀ ਦਾ ਨਾਂ ਚੌਧਰੀ ਸੁਲਤਾਨ ਅਲੀ ਅਤੇ ਦਾਦੀ ਜੀ ਦਾ ਨਾਮ ਹਾਜਰਾ ਬੀਬੀ ਸੀ। ਆਪ ਜੀ ਦੇ ਪਿਤਾ ਚੌਧਰੀ ਮੁਰਾਦ ਬਖ਼ਸ਼ ਦੀਆਂ ਦੋ ਸ਼ਾਦੀਆਂ ਹੋਈਆਂ, ਪਹਿਲੀ ਸ਼ਾਦੀ ਪਿੰਡ ਲੁਢਿਆਨੀ ਵਿਚ ਹੋਈ, ਇਸ ਪਤਨੀ ਤੋਂ ਕੋਈ ਸੰਤਾਨ ਨਹੀਂ ਹੋਈ। ਦੂਜਾ ਵਿਆਹ ਪਿੰਡ ਧੂਤਾਂ ਵਿਖੇ ਜਨਾਬ ਖ਼ੁਦਾਦਾਦ ਦੀ ਧੀ ਰਹਿਮਤ ਬੀਬੀ ਨਾਲ ਹੋਇਆ ਅਤੇ ਇਹੋ ਰਹਿਮਤ ਬੀਬੀ ਮੌਲਵੀ ਸਾਹਿਬ (ਰਹਿ.) ਦੀ ਮਾਤਾ ਸਨ। ਮੌਲਵੀ ਸਾਹਿਬ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸਨ। ਆਪ ਜੀ ਦੀ ਜ਼ਾਤ ਗੁੱਜਰ ਅਤੇ ਗੋਤ ਕੁਸਾਨਾ ਸੀ।ਆਪ ਦੀ ਪੈਦਾਇਸ਼ ਤੋਂ ਛੇ ਮਹੀਨੇ ਬਾਅਦ ਆਪ ਜੀ ਦੀ ਮਾਤਾ ਜੀ ਦਾ ਦਿਹਾਂਤ ਹੋ ਗਿਆ। ਮੌਲਵੀ ਸਾਹਿਬ ਦੀ ਉਮਰ ਅਜੇ ਲੱਗ-ਭੱਗ 12 ਸਾਲ ਦੀ ਹੀ ਸੀ ਕਿ ਆਪ ਜੀ ਦੇ ਪਿਤਾ ਜੀ ਵੀ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਗਏ।

**ਵਿੱਦਿਅਕ ਯੋਗਤਾ:** ਉਨ੍ਹਾਂ ਦੀ ਵਿੱਦਿਅਕ ਯੋਗਤਾ ਬਾਰੇ ਕੋਈ ਜ਼ਾਹਰੀ ਸੁਰਾਗ਼ ਨਹੀਂ ਮਿਲਦਾ ਪਰ ਇਹ ਮੰਨਣਾ ਪੈਂਦਾ ਹੈ ਕਿ ਆਪ (ਰਹਿ.) ਇਲਮ-ਏ-ਲੱਦੁੰਨੀ (ਇਲਹਾਮੀ ਇਲਮ, ਰੱਬ ਵੱਲੋਂ ਮਿਲਿਆ ਗਿਆਨ ਭਾਵ ਜਿਸ ਲਈ ਕੋਈ ਉਪਰਾਲਾ ਨਾ ਕੀਤਾ ਜਾਵੇ) ਦੀ ਬਖ਼ਸ਼ਿਸ਼ ਨਾਲ ਮਾਲਾ-ਮਾਲ ਸਨ। ਅਲੱਾਹ ਤਆਲਾ ਦਾ ਆਪ (ਰਹਿ.) ਤੇ ਖ਼ਾਸ ਫ਼ਜ਼ਲ-ਓ-ਕਰਮ ਸੀ। ਫੇਰ ਵੀ ਮੁੱਢਲੀ ਵਿੱਦਿਆ ਵੱਜੋਂ ਆਪ ਨੇ ਆਪਣੇ ਪਿੰਡ ਦੇ ਮੌਲਵੀ ਹਾਮਿਦ ਸਾਹਿਬ ਤੋਂ ਕੁੱਝ ਅਰਬੀ ਅਤੇ ਫ਼ਾਰਸੀ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਫੇਰ ਨੇੜੇ ਦੇ ਇਕ ਪਿੰਡ ਗ਼ਿਲਜ਼ੀਆ ਦੇ ਮੌਲਵੀ ਉਸਮਾਨ ਸਾਹਿਬ ਤੋਂ ਵੀ ਤਾਲੀਮ ਹਾਸਿਲ ਕੀਤੀ।

**ਮੁਲਾਜ਼ਮਤ, ਨੌਕਰੀ:** ਜ਼ਾਹਰੀ ਵਿੱਦਿਆ ਤੋਂ ਫ਼ਾਰਿਗ ਹੋਣ ਉਪਰੰਤ ਆਪ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਵੱਜੋਂ ਸੇਵਾ ਕਰਨ ਲੱਗੇ।

ਆਪ ਨੇ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿਚ ਬਹੈਸੀਅਤ ਉਸਤਾਦ 1864 ਈ. ਤੋਂ 1878 ਈ. ਤੱਕ, 14 ਸਾਲ ਖ਼ਿਦਮਤ ਕੀਤੀ ਤੇ ਵਿੱਦਿਆ ਦਾ ਚਾਨਣ ਫੈਲਾਇਆ। 1878 ਈ. ਵਿਚ ਆਪ ਦਾ ਤਬਾਦਲਾ ਪਿੰਡ ਮਹੇਸਰ ਵਿਖੇ ਹੋ ਗਿਆ। ਮਹੇਸਰ ਆਲਮਪੁਰ ਤੋਂ ਲਗਭਗ 2 ਮੀਲ ਦੇ ਫ਼ਾਸਲੇ 'ਤੇ ਸਥਿਤ ਹੈ। ਉਥੇ ਆਪ ਨੇ 4 ਸਾਲ ਪੜ੍ਹਾਇਆ ਅਤੇ 1882 ਈ. ਵਿਚ ਮੁਲਾਜ਼ਮਤ ਤੋਂ ਅਸਤੀਫ਼ਾ ਦੇ ਕੇ ਆਲਮਪੁਰ ਵਾਪਿਸ ਆ ਗਏ। ਆਪ ਨੇ ਲਗਭਗ 18 ਸਾਲ ਸਕੂਲ ਅਧਿਆਪਕ ਵਜੋਂ ਸੇਵਾਵਾਂ ਨਿਭਾਈਆਂ ਅਤੇ ਜਦੋਂ ਆਪ ਨੇ ਅਸਤੀਫ਼ਾ ਦਿੱਤਾ ਤਾਂ ਉਸ ਸਮੇਂ ਆਪ ਦੀ ਉਮਰ ਲੱਗ-ਭਗ 33 ਸਾਲ ਸੀ।

**ਖ਼ਸਲਤਾਂ, ਆਦਤਾਂ ਤੇ ਖ਼ੂਬੀਆਂ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿਮਤ ਉੱਲ੍ਹਾ ਅਲੈਹਿ) ਦੀਆਂ ਆਦਤਾਂ ਬਹੁਤ ਪਿਆਰੀਆਂ ਸਨ। ਉਹ ਤਬੀਅਤ ਦੇ ਬਹੁਤ ਚੰਗੇ ਅਤੇ ਮਿਲਣਸਾਰ ਵਿਅਕਤੀ ਸਨ। ਸਾਰੀ ਉਮਰ ਕਿਸੇ ਨਾਲ ਗ਼ੁੱਸੇ ਵਿਚ ਨਹੀਂ ਬੋਲੇ। ਰਾਹ ਚੱਲਦੇ ਤਾਂ ਨਜ਼ਰਾਂ ਨੀਵੀਆਂ ਹੁੰਦੀਆਂ। ਬੜੇ ਵਕਾਰ ਨਾਲ ਚੱਲਦੇ ਸਨ। ਚੰਗੇ ਕਪੜੇ ਪਹਿਨਦੇ ਅਤੇ ਸੁਚੱਜੇ ਢੰਗ ਨਾਲ ਗੱਲ-ਬਾਤ ਕਰਦੇ ਸਨ। ਤਬੀਅਤ ਵਿਚ ਖ਼ੁਸ਼ਮਿਜ਼ਾਜੀ ਵੀ ਸੀ। ਆਪ ਚਿੱਟਾ ਕੁੜਤਾ, ਚਿੱਟੀ ਧੋਤੀ ਅਤੇ ਚਿੱਟੀ ਪਗੜੀ ਪਹਿਨਦੇ ਸਨ ਅਤੇ ਕਦੇ ਕਦੇ ਮੁਸੱਦੀ ਪਗੜੀ ਤੇ ਮੁਲਤਾਨੀ ਲੁੰਗੀ ਵੀ ਪਹਿਣ ਲੈਂਦੇ ਸਨ। ਆਪ ਰੋਜ਼ਾਨਾ ਮਿਸਵਾਕ (ਦਾਤਨ) ਕਰਦੇ ਸਨ। ਆਪ ਦੀਆਂ ਗੱਲਾਂ ਵਿਚ ਬੜਾ ਅਸਰ ਸੀ। ਅੱਲਾਹ ਤਆਲਾ ਨੇ ਆਪ ਨੂੰ ਗੱਲ ਕਹਿਣ ਦੇ ਅੰਦਾਜ਼ ਵਿਚ ਇਕ ਖ਼ਾਸ ਵਿਲੱਖਣਤਾ ਅਤੇ ਗਹਿਰਾਈ ਅਤਾ ਕੀਤੀ ਸੀ। ਲੋਕ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਦੀ ਈਮਾਨੀ ਤਾਕਤ ਦਾ ਇਹ ਹਾਲ ਸੀ ਕਿ ਵੱਡੇ ਤੋਂ ਵੱਡਾ ਵਿਅਕਤੀ ਵੀ ਆਪ ਦੇ ਸਾਹਮਣੇ ਝੂਠ ਬੋਲਣ ਦੀ ਹਿੰਮਤ ਨਹੀਂ ਕਰਦਾ ਸੀ।

**ਹੁਲੀਆ ਮੁਬਾਰਕ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕੱਦ ਲਗਭਗ ਪੌਣੇ ਛੇ ਫੁੱਟ ਸੀ। ਆਪ ਦੇ ਨੈਣ ਨਕਸ਼ ਬਹੁਤ ਖ਼ੂਬਸੂਰਤ ਸਨ। ਜਿਸਮ ਪਤਲਾ ਸੀ ਪਰ ਕਮਜ਼ੋਰ ਨਹੀਂ ਸੀ ਸਗੋਂ ਸਿਹਤਮੰਦ ਤੇ ਗਠਿਆ ਹੋਇਆ ਸੀ। ਆਪ ਦੀ ਦਾੜ੍ਹੀ ਮੁਬਾਰਕ ਛੋਟੀ ਸੀ। ਦੰਦ ਚਿੱਟੇ, ਪੱਧਰੇ ਤੇ ਖ਼ੂਬਸੂਰਤ ਸਨ। ਰੰਗ ਗੋਰਾ ਸੁਰਖ਼ੀ ਮਿਲਿਆ ਸੀ। ਅੱਖਾਂ ਦਰਮਿਆਨੀਆਂ ਸਨ, ਨਾ ਜ਼ਿਆਦਾ ਮੋਟੀਆਂ ਅਤੇ ਨਾ ਛੋਟੀਆਂ, ਥੋੜੀਆਂ ਲਾਲ ਸਨ। ਆਪ ਦੀ ਹਥੇਲੀ ਭਰਪੂਰ ਸੀ ਤੇ ਥੋੜੀ ਸੁਰਖ਼ ਸੀ। ਆਪ ਦੇ ਸਿਰ ਦੇ ਵਾਲ ਭਰਪੂਰ ਸਨ ਪਰ ਜ਼ਿਆਦਾ ਲੰਮੇ ਨਹੀਂ ਸਨ। ਆਪ ਦਾ ਮੱਥਾ ਤੰਗ ਨਹੀਂ ਸੀ ਸਗੋਂ ਬਹੁਤ ਮੁਨਾਸਿਬ ਸੀ। ਆਪ (ਰਹਿ.) ਦੀ ਗਰਦਨ ਵੀ ਮੁਨਾਸਿਬ ਸੀ, ਨਾ ਬਹੁਤ ਪਤਲੀ ਤੇ ਨਾ ਹੀ ਬਹੁਤ ਮੋਟੀ।

**ਨਿਕਾਹ ਅਤੇ ਔਲਾਦ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਤਿੰਨ ਵਿਆਹ ਹੋਏ। ਪਹਿਲੀ ਸ਼ਾਦੀ ਪਿੰਡ ਧੂਤਾਂ ਤਹਿਸੀਲ ਭੁੰਗਾ ਰਿਆਸਤ ਕਪੂਰਥਲਾ ਵਿਖੇ ਆਪਣੇ ਮਾਮਾ ਜੀ ਅਲੀ ਬਖ਼ਸ਼ ਹੋਰਾਂ ਦੀ ਧੀ ਕਰਮ ਬੀਬੀ ਨਾਲ 1869 ਈ. ਵਿਚ ਹੋਈ, ਉਸ ਸਮੇਂ ਆਪ ਦੀ ਉਮਰ 20 ਸਾਲ

ਸੀ। ਇਹ ਪਤਨੀ 1873 ਈ. ਵਿਚ ਇੰਤਕਾਲ ਕਰ ਗਈ। ਇਹਨਾਂ ਤੋਂ ਕੋਈ ਔਲਾਦ ਨਹੀਂ ਹੋਈ। ਦੂਜਾ ਵਿਆਹ ਪਿੰਡ ਸਕਰਾਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1881 ਈ. ਵਿਚ ਹੋਇਆ। ਇਹ ਪਤਨੀ ਵੀ 1986 ਵਿੱਚ ਵਫ਼ਾਤ ਪਾ ਗਈ। ਇਹਨਾਂ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ ਆਇਸ਼ਾ ਬੀਬੀ ਸੀ। ਆਇਸ਼ਾ ਬੀਬੀ ਦਾ ਵਿਆਹ ਚੌਧਰੀ ਸੁਲਤਾਨ ਅਲੀ ਨਾਲ ਹੋਇਆ ਜੋ ਕਿ ਆਲਮਪੁਰ ਦੇ ਨੇੜੇ ਪਿੰਡ ਬਲੜਾਂ ਦੇ ਰਹਿਣ ਵਾਲੇ ਸਨ। 1947 ਈ. ਤੋਂ ਪਹਿਲਾਂ ਦੋਨੋਂ ਪਤੀ ਪਤਨੀ ਫ਼ੌਤ ਹੋ ਗਏ। ਇਨ੍ਹਾਂ ਦੀ ਇਕ ਧੀ ਗ਼ੁਲਾਮ ਫ਼ਾਤਿਮਾ ਅਤੇ ਪੁੱਤਰ ਫ਼ਜ਼ਲ ਅਹਿਮਦ ਸੀ। ਫ਼ਜ਼ਲ ਅਹਿਮਦ ਭਰੀ ਜਵਾਨੀ ਵਿਚ ਵਫ਼ਾਤ ਪਾ ਗਿਆ ਜਦੋਂ ਕਿ ਗ਼ੁਲਾਮ ਫ਼ਾਤਿਮਾ ਦੀ ਸ਼ਾਦੀ ਮੁਹੰਮਦ ਅਲੀ ਨਾਲ ਹੋਈ ਅਤੇ ਇਹ ਦੋਨੋਂ ਮੀਆਂ ਬੀਵੀ 1947 ਤੋਂ ਬਾਅਦ ਪਾਕਿਸਤਾਨ ਆ ਗਏ ਤੇ ਕੁੱਝ ਸਾਲਾਂ ਬਾਅਦ ਇਹਨਾਂ ਦਾ ਇੰਤਕਾਲ ਹੋ ਗਿਆ। ਇਹਨਾਂ ਦੀ ਔਲਾਦ ਜ਼ਿਲ੍ਹਾ ਫ਼ੈਸਲਾਬਾਦ ਤੇ ਜ਼ਿਲ੍ਹਾ ਟੋਬਾ ਟੇਕ ਸਿੰਘ ਵਿਚ ਆਬਾਦ ਹੈ। ਤੀਜੀ ਤੇ ਆਖ਼ਰੀ ਸ਼ਾਦੀ 1309 ਹਿਜਰੀ ਭਾਵ 1891 ਈ. ਵਿਚ ਪਿੰਡ ਖੰਨਿਆਂ ਵਧਾਇਆ ਦੇ ਰਿਹਾਇਸ਼ੀ ਗੁਲਾਬ ਗੁੱਜਰ ਦੀ ਪੁੱਤਰੀ ਜ਼ੈਨਬ ਬੀਬੀ ਨਾਲ ਹੋਈ। ਇਹਨਾਂ ਤੋਂ ਇਕ ਧੀ ਪੈਦਾ ਹੋਈ ਜਿਸ ਦਾ ਨਾਂ ਖ਼ਦੀਜਾ ਬੀਬੀ ਸੀ। ਖ਼ਦੀਜਾ ਬੀਬੀ ਦੀ ਪੈਦਾਇਸ਼ ਤੋਂ ਤਕਰੀਬਨ 2 ਮਹੀਨੇ ਪਹਿਲਾਂ ਮੌਲਵੀ ਸਾਹਿਬ ਦੀ ਵਫ਼ਾਤ ਹੋ ਗਈ ਪਰੰਤੂ ਵਫ਼ਾਤ ਤੋਂ ਪਹਿਲਾਂ ਮੌਲਵੀ ਸਾਹਿਬ (ਰਹਿ.) ਨੇ ਆਪਣੀ ਪਤਨੀ ਨੂੰ ਆਖਿਆ ਕਿ ਤੇਰੇ ਬੇਟੀ ਪੈਦਾ ਹੋਵੇਗੀ ਤੂੰ ਉਸ ਦਾ ਨਾਂ ਖ਼ਦੀਜਾ ਬੀਬੀ ਰੱਖਣਾ ਅਤੇ ਇੰਜ ਹੀ ਹੋਇਆ। ਖ਼ਦੀਜਾ ਬੀਬੀ ਦੀ ਉਮਰ ਲਗਭਗ ਪੰਜ ਵਰੇ ਸੀ ਕਿ ਉਨ੍ਹਾਂ ਦੀ ਮਾਂ ਜ਼ੈਨਬ ਬੀਬੀ ਵੀ ਇੰਤਕਾਲ ਕਰ ਗਈ। ਖ਼ਦੀਜਾ ਬੀਬੀ ਦੀ ਸ਼ਾਦੀ ਚੌਧਰੀ ਅਬਦੁਲ ਅਜ਼ੀਜ਼ ਨਾਲ ਹੋਈ ਜੋ ਕਿ ਆਲਮਪੁਰ ਦੇ ਹੀ ਰਹਿਣ ਵਾਲੇ ਸਨ ਅਤੇ ਇਕ ਵੱਡੇ ਜ਼ਿਮੀਦਾਰ ਘਰਾਨੇ ਨਾਲ ਸੰਬਧ ਰੱਖਦੇ ਸਨ। ਮੁਹਤਰਮਾ ਖ਼ਦੀਜਾ ਬੀਬੀ ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਵਫ਼ਾਤ ਪਾ ਗਈ ਜਦੋ ਕਿ ਚੌਧਰੀ ਅਬਦੁਲ ਅਜ਼ੀਜ਼ ਪਾਕਿਸਤਾਨ ਬਨਣ ਤੋਂ ਕਾਫ਼ੀ ਸਮਾਂ ਬਾਅਦ ਤੱਕ ਜਿਉਂਦੇ ਰਹੇ ਅਤੇ 1975 ਈ. ਵਿਚ ਉਨ੍ਹਾਂ ਦਾ ਇੰਤਕਾਲ ਹੋਇਆ। ਮੁਹਤਰਮਾ ਖ਼ਦੀਜਾ ਬੀਬੀ ਦੀ ਔਲਾਦ ਵਿੱਚ ਦੋ ਪੁੱਤਰ ਤੇ ਤਿੰਨ ਧੀਆਂ ਸਨ। ਵੱਡਾ ਮੁੰਡਾ ਅਬਦੁਲ ਲਤੀਫ਼ ਲਗਭਗ 18 ਸਾਲ ਦੀ ਉਮਰ ਵਿਚ ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਵਫ਼ਾਤ ਪਾ ਗਿਆ। ਉਸ ਤੋਂ ਛੋਟੇ ਸਅਈਦਾ ਬੇਗਮ, ਮਸਊਦਾ ਬੇਗਮ, ਅਬਦੁੱਰ ਰਸ਼ੀਦ ਤੇ ਰਜ਼ੀਆ ਬੇਗਮ ਹਨ। 1947 ਈ. ਤੋਂ ਬਾਅਦ ਸ਼੍ਰੀਮਤੀ ਰਜ਼ੀਆ ਬੇਗਮ ਦਾ ਵਿਆਹ ਚੌਧਰੀ ਗ਼ੁਲਾਮ ਕਾਦਿਰ ਨਾਲ ਹੋਇਆ ਜਿਹੜੇ ਪਿੰਡ ਫਾਂਬੜਾ, ਤਹਿਸੀਲ ਭੂੰਗਾ, ਰਿਆਸਤ ਕਪੂਰਥਲਾ, ਇੰਡੀਆ ਦੇ ਰਹਿਣ ਵਾਲੇ ਸਨ ਅਤੇ ਜੋ ਪਾਕਿਸਤਾਨ ਆ ਕੇ ਜ਼ਿਲ੍ਹਾ ਲਾਇਲਪੁਰ ਤਹਿਸੀਲ ਸਮੁੰਦਰੀ ਵਿਚ ਆਬਾਦ ਹੋਏ ਅਤੇ 1975 ਈ. ਵਿਚ ਇਸ ਪਿੰਡ ਨੂੰ ਛੱਡ ਕੇ ਲਾਇਲਪੁਰ ਵਿਖੇ ਪੱਕੇ ਤੌਰ ਤੇ ਰਿਹਾਇਸ਼ ਕਰ ਲਈ। ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਮੁਹਤਰਮਾ ਰਜ਼ੀਆ ਬੇਗਮ ਦੇ ਪੁੱਤਰਾਂ ਵਿਚੋਂ ਇਕ ਪੁੱਤਰ ਹੈ

ਜਦੋਂਕਿ ਮੁਹਤਰਮਾ ਖ਼ਦੀਜਾ ਬੀਬੀ ਦਾ ਦੋਹਤਾ ਅਤੇ ਮੌਲਵੀ ਸਾਹਿਬ (ਰਹਿ.) ਦਾ ਪੜ ਦੋਹਤਾ ਹੈ।

**ਰਚਨਾਵਾਂ:** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕਲਾਮ ਦਸਵੀਂ ਜਮਾਤ ਤੋਂ ਲੈ ਕੇ ਐਮ.ਏ. ਤੱਕ ਪਾਕਿਸਤਾਨੀ ਸਿਲੇਬਸ ਵਿਚ ਸ਼ਾਮਿਲ ਹੈ ਅਤੇ ਆਪ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾਮ ਉੱਤੇ ਡਾ. ਸਾਦਿਕ ਜੰਜੂਆ ਅਤੇ ਡਾ. ਹਫ਼ੀਜ਼ ਅਹਿਮਦ ਨੇ ਪੀ-ਐਚ.ਡੀ. ਵੀ ਕੀਤੀ ਹੈ। ਆਪ ਜੀ ਦਾ ਜ਼ਿਆਦਾਤਰ ਕਲਾਮ ਪੰਜਾਬੀ ਭਾਸ਼ਾ ਵਿਚ ਹੈ ਪਰ ਆਪ ਨੇ ਕੁਝ ਮਹੱਤਵਪੂਰਨ ਪੁਸਤਕਾਂ ਉਰਦੂ, ਫ਼ਾਰਸੀ ਤੇ ਅਰਬੀ ਵਿਚ ਵੀ ਲਿਖੀਆਂ ਹਨ।

ਆਪ (ਰਹਿ.) ਦੀਆਂ ਹੁਣ ਤੱਕ ਮੰਜ਼ਰ-ਏ-ਆਮ ਤੇ ਆਉਣ ਵਾਲੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

(1) ਆਪ ਨੇ ਸਭ ਤੋਂ ਪਹਿਲਾ **"ਦਾਸਤਾਨ-ਏ-ਅਮੀਰ ਹਮਜ਼ਾ"** ਦੀ ਪਹਿਲੀ ਜਿਲਦ ਪੰਦਰਾਂ ਸਾਲ ਦੀ ਉਮਰ ਵਿਚ ਤਕਰੀਬਨ ਇੱਕ ਮਹੀਨੇ ਵਿਚ 1281 ਹਿਜਰੀ (1864 ਈ.) ਵਿਚ ਮੁਕੰਮਲ ਕੀਤੀ ਜਦੋਂ ਕਿ ਦੂਜੀ ਤੇ ਤੀਜੀ ਜਿਲਦ ਵੀਰਵਾਰ ਦੇ ਦਿਨ 16 ਮੁਹਰਮ 1286 ਹਿਜਰੀ ਭਾਵ 29 ਅਪ੍ਰੈਲ 1869 ਈ. 8 ਬਿਸਾਖ 1926 ਬਿਕਰਮੀ ਨੂੰ 20 ਸਾਲ ਦੀ ਉਮਰ ਵਿਚ ਮੁਕੰਮਲ ਕੀਤੀਆਂ। ਇਹਨਾਂ ਵਿਚ ਸ਼ਿਅਰਾਂ ਦੀ ਗਿਣਤੀ ਲੱਗਭਗ 20,000 ਹਜ਼ਾਰ ਹੈ।

2) ਦੂਜੀ ਪੁਸਤਕ **"ਰੂਹ-ਉਲ-ਤਰਤੀਲ"** 19 ਸਾਲ ਦੀ ਉਮਰ ਵਿਚ 1285 ਹਿਜਰੀ ਅਨੁਸਾਰ 1868 ਈ. ਨੂੰ ਮੁਕੰਮਲ ਕੀਤੀ ਜਿਸ ਦੇ ਸ਼ਿਅਰਾਂ ਦੀ ਸੰਖਿਆ 256 ਹੈ।

3) ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਤੀਜੀ ਪੁਸਤਕ **"ਅਹਸਨ-ਉਲ-ਕਸਸ"** 24 ਸਾਲ ਦੀ ਉਮਰ ਵਿਚ ਕੇਵਲ ਇਕ ਮਹੀਨੇ ਵਿਚ 1290 ਹਿਜਰੀ ਬਮੁਤਾਬਿਕ 1873 ਈ. ਨੂੰ ਮੁਕੰਮਲ ਕੀਤੀ। ਇਸ ਦੇ ਸ਼ਿਅਰਾਂ ਦੀ ਗਿਣਤੀ 6666 ਹੈ।

4) ਚੌਥੀ ਕਿਤਾਬ **"ਮਸਅਲਾ-ਏ-ਤੌਹੀਦ"** ਹੈ ਜੋ ਕਿ 17 ਜ਼ੀਅਕਦ 1295 ਹਿਜਰੀ ਅਨੁਸਾਰ 1878 ਈ. ਵਿਚ ਆਪ (ਰਹਿ.) ਨੇ 29 ਵਰਿਆਂ ਦੀ ਉਮਰ ਵਿਚ ਲਿਖੀ। ਇਹ ਉਰਦੂ ਨਸਰ (ਵਾਰਤਕ) ਵਿਚ ਹੈ।

5) ਸੀ-ਹਰਫ਼ੀ **"ਹੁਲੀਆ ਸ਼ਰੀਫ਼ ਹਜ਼ੂਰ ਸੱਲੱਲਾਹੁ ਅਲੈਹਿ ਵ-ਸੱਲਮ** 27 ਰਬੀਅ-ਉਲ-ਅਵੱਲ 1297 ਹਿਜਰੀ ਅਨੁਸਾਰ 9 ਮਾਰਚ 1880 ਈ. 28 ਫੱਗਣ 1936 ਬਿਕਰਮੀ ਦਿਨ ਮੰਗਲਵਾਰ, ਅਸਰ ਵੇਲੇ, ਮੀਰਾਂ ਜਾਨੀ ਮੋਚੀ ਦੀ ਫ਼ਰਮਾਇਸ਼ ਤੇ ਲਿਖੀ। ਉਸ ਸਮੇਂ ਆਪ ਦੀ ਉਮਰ 31 ਵਰਿਆਂ ਦੀ ਸੀ।

6) **"ਚਿੱਠੀਆਂ"** ਮੌਲਵੀ ਸਾਹਿਬ (ਰਹਿ.) ਨੇ ਸੱਯਦ ਰੌਸ਼ਨ ਅਲੀ, ਹੀਰੇ ਸ਼ਾਹ, ਅਤੇ ਸਾਹਿਬਜ਼ਾਦਾ ਗ਼ੁਲਾਮ ਯਾਸੀਨ ਨੂੰ ਕਾਵਿਕ ਚਿੱਠੀਆਂ ਲਿਖੀਆਂ। ਜਿਹੜੀ ਚਿੱਠੀ ਆਪ ਨੇ ਆਪਣੇ ਲਾਡਲੇ ਸ਼ਾਗਿਰਦ ਸੱਯਦ ਰੌਸ਼ਨ ਅਲੀ ਨੂੰ ਲਿਖੀ ਹੈ ਉਸ ਵਿਚ ਮੌਲਵੀ ਸਾਹਿਬ ਖ਼ੁਦ ਆਖਦੇ ਹਨ ਕਿ ਇਹ ਚਿੱਠੀ ਮਿਤੀ

8 ਮੁਹੱਰਮ 1300 ਹਿਜਰੀ ਅਨੁਸਾਰ 10 ਨਵੰਬਰ 1882, 26 ਕਾਤਕ 1939 ਬਿਕਰਮੀ, ਸੋਮਵਾਰ ਦੇ ਦਿਨ, ਦੁਪਿਹਰ ਵੇਲੇ ਜਾਨੀ ਮੋਚੀ ਦੀ ਦੁਕਾਨ ਵਿਚ ਬੈਠ ਕੇ ਲਿਖੀ ਤੇ ਉਸ ਵਕਤ ਅੱਖ ਵਿਚ ਦਰਦ ਹੋ ਰਿਹਾ ਸੀ। ਉਸ ਸਮੇਂ ਆਪ ਦੀ ਉਮਰ 33 ਸਾਲ ਦੀ ਸੀ।

7) **"ਸੀ-ਹਰਫ਼ੀ ਸੱਸੀ ਪੁਨੂੰ"** ਇਹ ਸੀ-ਹਰਫ਼ੀ ਆਪ (ਰਹਿ.) ਦੀ ਸ਼ਾਇਰੀ ਦੀ ਖ਼ੂਬਸੂਰਤ ਉਦਾਹਰਣ ਹੈ।

8) **"ਸੀ-ਹਰਫ਼ੀ ਚੋਪਟਨਾਮਾ"** ਇਹ ਸੀ-ਹਰਫ਼ੀ ਵੀ ਆਪ ਦੀ ਸ਼ਾਇਰੀ ਦੀ ਬੇਹਤਰੀਨ ਮਿਸਾਲ ਹੈ।

9) **"ਪੰਧਨਾਮਾ"** ਇਹ ਕਾਵਿ ਰੂਪ ਵਿਚ ਹੈ ਅਤੇ ਇਕ ਇਸਤਰੀ ਦੇ ਰਸਤਾ ਪੁੱਛਣ ਤੇ ਲਿਖ ਗਈ।

10) ਮੌਲਵੀ ਸਾਹਿਬ ਦੀ ਦਸਵੀਂ ਤੇ ਅੰਤਿਮ ਰਚਨਾ ਜੋ ਹੁਣ ਤੱਕ ਸਾਹਮਣੇ ਆਈ ਹੈ ਉਹ **"ਮਆਰਿਬੁਲ-ਖ਼ਾਸ਼ਿਈਨ"** ਹੈ ਜੋ ਕਿ ਉਰਦੂ ਨਸਰ ਵਿਚ ਆਪ ਜੀ ਦੀ ਦੂਜੀ ਰਚਨਾ ਹੈ। **"ਮਆਰਿਬ-ਉਲ-ਖ਼ਾਸ਼ਿਈਨ"** ਆਪ ਨੇ 1305 ਹਿਜਰੀ ਅਨੁਸਾਰ 1888 ਈ. ਨੂੰ 39 ਸਾਲਾਂ ਦੀ ਉਮਰ ਵਿਚ ਲਿਖੀ। ਇਸ ਤੋਂ ਇਲਾਵਾ ਆਪ ਦੀਆਂ ਕਿਤਾਬਾਂ **"ਕਿੱਸਾ ਰੂਪਨ"** ਤੇ **"ਗੁੱਜਰਨਾਮਾ"** ਵੀ ਹਨ ਪਰ ਪੂਰੀ ਘੋਖ ਪੜਤਾਲ ਕਰਨ ਦੇ ਬਾਵਜੂਦ ਉਪਲਬਧ ਨਹੀਂ ਹੋ ਸਕੀਆਂ।

**ਵਫ਼ਾਤ (ਅਕਾਲ ਚਲਾਣਾ):** ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 7 ਸ਼ਾਅਬਾਨ 1309 ਹਿਜਰੀ, ਅਨੁਸਾਰ 7 ਮਾਰਚ 1892, ਮੁਤਾਬਿਕ 24 ਫੱਗਣ, ਦਿਨ ਸੋਮਵਾਰ ਨੂੰ ਕੇਵਲ 43 ਸਾਲ ਦੀ ਉਮਰ ਵਿਚ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਗਏ। ਆਪ ਨੂੰ ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਕਬਰਿਸਤਾਨ ਵਿਚ ਦਫ਼ਨ ਕੀਤਾ ਗਿਆ। ਮੌਲਵੀ ਸਾਹਿਬ (ਰਹਿ.) ਸਿਰਫ਼ ਤਿੰਨ ਦਿਨ ਬੀਮਾਰ ਰਹੇ ਤੇ ਖ਼ੁਦ ਹੀ ਆਪਣੇ ਦੋਸਤਾਂ ਮਿੱਤਰਾਂ ਨੂੰ ਦੱਸ ਦਿੱਤਾ ਸੀ ਕਿ ਮੇਰੇ ਜਾਣ ਦਾ ਸਮਾਂ ਆ ਗਿਆ ਹੈ, ਜਿਸ ਨੇ ਵੀ ਮੈਨੂੰ ਮਿਲਣਾ ਹੈ ਮਿਲ ਲਵੇ। ਤਿੰਨ ਦਿਨਾਂ ਬਾਅਦ ਚਾਸ਼ਤ (ਦਿਨ ਚੜ੍ਹੇ ਪੜ੍ਹੀ ਜਾਣ ਵਾਲੀ ਨਮਾਜ਼) ਦੇ ਸਮੇਂ ਇੰਤਕਾਲ ਹੋਇਆ। ਆਪ ਜੀ ਦੇ ਜਨਾਜ਼ੇ ਦੀ ਨਮਾਜ਼ ਆਪ ਦੇ ਇੱਕ ਮਿੱਤਰ ਮੌਲਵੀ ਅਬਦੁੱਲਾ ਸਾਹਿਬ ਤਲਵੰਡੀ ਵਾਲਿਆਂ ਨੇ ਕਰਵਾਈ। ਉਨ੍ਹਾਂ ਨਾਲ ਮੌਲਵੀ ਸਾਹਿਬ (ਰਹਿ.) ਦਾ ਵਾਅਦਾ ਸੀ ਕਿ ਪਿੱਛੇ ਰਹਿਣ ਵਾਲਾ ਅੱਗੇ ਜਾਣ ਵਾਲੇ ਦੀ ਨਮਾਜ਼-ਏ-ਜਨਾਜ਼ਾ ਪੜ੍ਹਾਵੇਗਾ। ਜਦੋਂ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹੋਰਾਂ ਦੀ ਵਫ਼ਾਤ ਹੋਈ ਤਾਂ ਉਸ ਸਮੇਂ ਮੌਲਵੀ ਅਬਦੁੱਲਾ ਸਾਹਿਬ ਆਲਮਪੁਰ ਤੋਂ ਕੁਝ ਮੀਲ ਦੇ ਫ਼ਾਸਲੇ 'ਤੇ ਸਥਿਤ ਪਿੰਡ ਪੰਡੋਰੀ ਵਿਖੇ ਗਏ ਹੋਏ ਸਨ ਜਿੱਥੇ ਮੌਲਵੀ ਅਬਦੁੱਲਾ ਸਾਹਿਬ ਨੂੰ ਕਰਾਮਾਤੀ ਤੌਰ ਤੇ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹੋਰਾਂ ਦੇ ਇੰਤਕਾਲ ਦਾ ਗਿਆਨ ਹੋਇਆ ਅਤੇ ਉਹ ਕਈ ਮੀਲ ਦਾ ਪੈਦਲ ਸਫ਼ਰ ਕਰਕੇ ਆਲਮਪੁਰ ਪਹੁੰਚੇ। ਜਦੋਂ ਗ਼ੁਸਲ ਕਰਵਾਉਣ ਲੱਗੇ ਤਾਂ ਮਰਹੂਮ ਥੋੜੇ ਜਿਹੇ

ਇਸ਼ਾਰੇ ਤੋਂ ਹੀ ਪਾਸਾ ਪਲਟ ਜਾਂਦੇ ਸਨ। ਜਦੋਂ ਕਬਰ ਦੇ ਨੇੜੇ ਪਹੁੰਚੇ ਤਾਂ ਮੌਲਵੀ ਅਬਦੁੱਲਾ ਸਾਹਿਬ ਨੇ ਕਿਹਾ ਕਿ "ਤੁਸੀਂ ਸਾਡੀ ਉਡੀਕ ਵੀ ਨਾ ਕੀਤੀ" ਤਾਂ ਉਸ ਸਮੇਂ ਮਰਹੂਮ ਦੀਆਂ ਅੱਖਾਂ ਵਿਚੋਂ ਅੱਥਰੂ ਬਹਿ ਨਿਕਲੇ, ਮੌਲਵੀ ਅਬਦੁੱਲਾ ਸਾਹਿਬ ਨੇ ਆਪਣੇ ਰੁਮਾਲ ਨਾਲ ਉਨ੍ਹਾਂ ਦੇ ਹੰਝੂ ਪੂੰਝ ਕੇ ਆਪਣੇ ਚਿਹਰੇ ਤੇ ਮਲ ਲਏ। ਜਦੋਂ ਗ਼ੁਸਲ ਤੇ ਕਫ਼ਨ ਤੋਂ ਬਾਅਦ ਆਪ ਨੂੰ ਲਹਿਦ ਵਿਚ ਉਤਾਰਿਆ ਗਿਆ ਤਾਂ ਮੌਲਵੀ ਅਬਦੁੱਲਾ ਸਾਹਿਬ ਕਹਿਣ ਲੱਗੇ ਅੱਜ ਮੈਂ ਤੁਹਾਨੂੰ ਸਾਰਿਆਂ ਨੂੰ ਇਕ ਰਾਜ਼ ਦੀ ਗੱਲ ਦੱਸਦਾ ਹਾਂ ਕਿ ਮੌਲਵੀ ਸਾਹਿਬ (ਰਹਿ.) ਮੇਰੇ ਨਿੱਘੇ ਮਿੱਤਰ ਸਨ, ਮੈਂ ਜਾਣਦਾ ਸੀ ਕਿ ਉਹ ਕਾਮਿਲ ਵਲੀ ਅੱਲਾਹ ਹਨ ਪਰ ਮੈਨੂੰ ਅੰਦਾਜ਼ਾ ਨਹੀਂ ਸੀ ਕਿ ਉਹ ਵਿਲਾਇਤ (ਸੂਫ਼ੀਵਾਦ ਦਾ ਦਰਜਾ) ਦੇ ਇੰਨੇ ਉੱਚੇ ਦਰਜੇ 'ਤੇ ਬਰਾਜਮਾਨ ਸਨ।

ਮੈਂ ਇੱਥੇ ਕੁੱਝ ਗੱਲਾਂ ਦੀ ਵਿਆਖਿਆ ਕਰ ਦੇਣੀ ਵੀ ਜ਼ਰੂਰੀ ਸਮਝਦਾ ਹਾਂ ਤਾਂ ਜੋ ਆਉਣ ਵਾਲੀਆਂ ਨਸਲਾਂ ਤੱਕ ਸਹੀ ਜਾਣਕਾਰੀ ਪਹੁੰਚ ਸਕੇ ਅਤੇ ਖੋਜਾਰਥੀਆਂ ਲਈ ਅਸਾਨੀ ਹੋ ਸਕੇ।

ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਦੇ ਪਿਤਾ ਮੁਹਤਰਮ ਚੌਧਰੀ ਗ਼ੁਲਾਮ ਕਾਦਿਰ ਮਰਹੂਮ ਨੂੰ ਵੀ ਮੌਲਵੀ ਸਾਹਿਬ (ਰਹਿ.) ਨਾਲ ਡੂੰਘੀ ਅਕੀਦਤ ਸੀ। ਇਸ ਲਈ ਉਨ੍ਹਾਂ ਨੇ ਮੌਲਵੀ ਸਾਹਿਬ (ਰਹਿ.) ਦੇ ਮਜ਼ਾਰ-ਏ-ਅਕਦਸ ਦੀ ਤਾਮੀਰ ਲਈ 1990 ਈਸਵੀ ਵਿਚ ਭਾਰਤ ਦੇ ਸਰਦਾਰ ਨਿਰਮਲ ਸਿੰਘ ਹੋਰਾਂ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਆਪਣੇ ਦੋਸਤਾਂ ਮਿੱਤਰਾਂ ਦੀ ਸਹਾਇਤਾ ਨਾਲ 1991 ਵਿੱਚ ਮੌਲਵੀ ਸਾਹਿਬ (ਰਹਿ.) ਦੇ ਮਜ਼ਾਰ ਨੂੰ ਨਵੇਂ ਸਿਰੇ ਤੋਂ ਤਾਮੀਰ ਕਰਵਾਇਆ।

20 ਅਪ੍ਰੈਲ 2007 ਈ. ਨੂੰ 1947 ਈ. ਤੋਂ ਬਾਅਦ ਇਹਨਾਂ ਸਤਰਾਂ ਦੇ ਲੇਖਕ ਨੂੰ ਪਹਿਲੀ ਵਾਰ ਆਲਮਪੁਰ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਇੰਡੀਆ ਵਿਚ ਮੌਲਵੀ ਸਾਹਿਬ ਦੇ ਮਜ਼ਾਰ 'ਤੇ ਹਾਜ਼ਰੀ ਦੇਣ ਦਾ ਮੌਕਾ ਮਿਲਿਆ। ਉਨ੍ਹਾਂ ਦੀ ਕਬਰ ਦੇ ਸਰਹਾਣੇ ਜੋ ਪੱਥਰ ਦਾ ਕੁਤਬਾ ਲੱਗਿਆ ਸੀ, ਉਸ ਉੱਤੇ ਉਨ੍ਹਾਂ ਦੀ ਜਨਮ ਮਿਤੀ 29 ਜਨਵਰੀ 1849 ਈ. ਅਤੇ ਵਫ਼ਾਤ ਦੀ ਤਾਰੀਖ਼ 7 ਮਾਰਚ 1892 ਈ. ਹੀ ਦਰਜ ਹੈ।

ਮੌਲਵੀ ਸਾਹਿਬ (ਰਹਿ.) ਉੱਚ ਕੋਟੀ ਦੇ ਹਕੀਮ ਵੀ ਸਨ। ਆਪ ਨੇ ਆਪਣੇ ਘਰ ਦੇ ਨੇੜੇ ਇਕ ਮਸਜਿਦ ਬਣਵਾਈ ਜਿੱਥੇ ਆਪ ਦੀ ਨਿਗਰਾਨੀ ਵਿਚ ਲਗਭੱਗ 40 ਸ਼ਾਗਿਰਦ ਦੂਰ ਦਰਾਡੇ ਤੋਂ ਆ ਕੇ ਗਿਆਨ ਪ੍ਰਾਪਤ ਕਰਦੇ ਸਨ। ਮੌਲਵੀ ਸਾਹਿਬ (ਰਹਿ.) ਇਹਨਾਂ ਨੂੰ ਧਾਰਮਿਕ ਗਿਆਨ ਦੇ ਨਾਲ ਨਾਲ ਹਿਕਮਤ, ਉਰਦੂ ਅਤੇ ਫ਼ਾਰਸੀ ਦੀ ਮੁਫ਼ਤ ਤਾਲੀਮ ਵੀ ਦਿੰਦੇ ਸਨ। ਆਪ ਦਾ ਖ਼ਾਨਦਾਨੀ ਪੇਸ਼ਾ ਜ਼ਿਮੀਂਦਾਰੀ ਸੀ। ਇਕ ਵਾਰ ਮੌਲਵੀਂ ਸਾਹਿਬ (ਰਹਿ.) ਦਾ ਇਕ ਨੌਕਰ ਅਲੀ ਬਖ਼ਸ਼ ਪਸ਼ੂਆਂ ਲਈ ਚਾਰਾ ਲੈਣ ਗਿਆ ਤਾਂ ਬੜੀ ਦੇਰ ਬਾਅਦ ਵਾਪਸ ਪਰਤਿਆ ਤਾਂ ਮੌਲਵੀ ਸਾਹਿਬ (ਰਹਿ.) ਨੇ ਉਸ ਨੂੰ ਸੰਬੋਧਨ ਕਰਦੇ ਹੋਏ ਕਿਹਾ:

ਸਾਰਾ ਦਿਨ ਉਡੀਕਿਆ, ਗਿਆ ਕਵੇਲਾ ਹੋ
ਡੇੜ੍ਹ ਕਮਾਈ ਤੁਧ ਦੀ ਭਰੀਆਂ ਪੋਨੇ ਦੋ।

ਇਹਨਾਂ ਸਤਰਾਂ ਦੇ ਲੇਖਕ ਨੂੰ ਖ਼ਾਨਦਾਨੀ ਤੌਰ ਤੇ ਇਸ ਗੱਲ ਦਾ ਗਿਆਨ ਹੈ ਕਿ ਹਜ਼ਰਤ ਮੌਲਵੀ (ਰਹਿ.) ਦੇ ਪਿਤਾ ਸ਼੍ਰੀ ਕਿਸੇ ਮਸੀਤ ਦੇ ਇਮਾਮ ਨਹੀਂ ਸਨ। ਕੁਝ ਲੇਖਕ ਦੋਸਤਾਂ ਨੇ ਬਿਨਾਂ ਕਿਸੇ ਪ੍ਰਪੱਕ ਖੋਜ ਤੋਂ ਉਹਨਾਂ ਨੂੰ ਮਸਜਿਦ ਦਾ ਇਮਾਮ ਲਿਖਿਆ ਹੈ ਜੋ ਕਿ ਠੀਕ ਨਹੀਂ ਹੈ। ਉਹ ਇਕ ਨੇਕ ਦਿਲ ਵਿਅਕਤੀ ਸਨ ਤੇ ਉਨ੍ਹਾਂ ਦਾ ਖ਼ਾਨਦਾਨੀ ਕਿੱਤਾ ਜ਼ਿਮੀਂਦਾਰੀ ਸੀ। ਮੈਂ ਇੱਥੇ ਇਸ ਗੱਲ ਦੀ ਵਿਆਖਿਆ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ ਸੱਯਦ ਰੌਸ਼ਨ ਅਲੀ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਸਾਹਿਬ (ਰਹਿ.) ਦੇ ਖ਼ਾਸ ਸ਼ਾਗਿਰਦ ਸਨ।

ਪਾਠਕ੍ਰਮ ਤੇ ਖੋਜਾਤਮਕ ਪੁਸਤਕਾਂ ਵਿਚ ਕੁੱਝ ਲਿਖਾਰੀਆਂ ਨੇ ਬਿਨਾਂ ਕਿਸੇ ਪਰਪੱਖ ਖੋਜ ਤੋਂ ਮੌਲਵੀ ਸਾਹਿਬ (ਰਹਿ.) ਦੇ ਸਿਲਸਲਾ-ਏ-ਤਰੀਕਤ ਸਬੰਧੀ ਵੱਖਰੀਆਂ-ਵੱਖਰੀਆਂ ਰਾਵਾਂ ਅਤੇ ਆਪਣੇ ਆਪਣੇ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ ਪਰ ਉਹਨਾਂ ਕੋਲ ਕੋਈ ਸਪੱਸ਼ਟ ਦਲੀਲ ਤੇ ਤੱਥ ਅਧਾਰਿਤ ਨਜ਼ਰੀਆ ਨਹੀਂ ਹੈ। ਇਹ ਗੱਲ ਆਪ ਦੇ ਇੰਤਕਾਲ ਤੋਂ ਲੈ ਕੇ ਅੱਜ ਤੱਕ ਭਾਵ 117 ਸਾਲਾਂ ਤੱਕ ਰਹੱਸ ਬਣੀ ਰਹੀ, ਪਰ ਮਾਰਚ 2009 ਵਿਚ ਮੌਲਵੀ ਸਾਹਿਬ (ਰਹਿ.) ਦਾ ਹੱਥ ਲਿਖਤ ਕਾਵਿਕ ਸਜਰਾ-ਏ-ਤਰੀਕਤ ਮੈਨੂੰ ਮਿਲਿਆ। ਇਹ ਸ਼ਜਰਾ-ਏ-ਤਰੀਕਤ ਤਿੰਨ ਭਾਸ਼ਾਵਾਂ ਉਰਦੂ, ਫ਼ਾਰਸੀ ਤੇ ਪੰਜਾਬੀ ਵਿਚ ਲਿਖਿਆ ਹੋਇਆ ਹੈ ਅਤੇ ਇਹ ਸ਼ਜਰਾ (ਬੰਸਾਵਲੀ) ਮੌਲਵੀ ਸਾਹਿਬ (ਰਹਿ.) ਨੇ ਬਾਰਾਂ ਸਾਲਾਂ ਦੀ ਉਮਰ ਵਿਚ ਕਿਸੇ ਮਿੱਤਰ ਦੇ ਕਹਿਣ ਤੇ ਲਿਖਿਆ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਆਪ ਪਰਤੱਖ ਰੂਪ ਵਿਚ ਕਿਸੇ ਕੋਲ ਬੈਅਤ ਨਹੀਂ ਸਨ ਭਾਵ ਸਿੱਧੇ ਤੌਰ ਤੇ ਕਿਸੇ ਦੇ ਮੁਰੀਦ ਨਹੀਂ ਸਨ। ਹੁਣ ਕਿਉਂਕਿ ਮੇਰੇ ਕੋਲ ਤਰੀਕਤ ਦੀ ਬੰਸਾਵਲੀ ਦੀ ਸੂਰਤ ਵਿਚ ਪ੍ਰਮਾਣ ਉਪਲਬਧ ਹੈ, ਇਸ ਲਈ ਮੈਂ ਇਸ ਸ਼ਜਰਾ-ਏ-ਤਰੀਕਤ ਨੂੰ ਪ੍ਰਕਾਸ਼ਿਤ ਕਰਕੇ ਜਨ ਸਧਾਰਨ ਤੱਕ ਪਹੁੰਚਾ ਦਿਆਂਗਾ। ਮੌਲਵੀ ਸਾਹਿਬ (ਰਹਿ.) ਦੇ ਅਨੁਸਾਰ:

ਇਸ਼ਕ ਕਰਮ ਦਾ ਕਤਰਾ ਅਜ਼ਲੀ ਤੈਂ ਮੈਂ ਦੇ ਵੱਸ ਨਾਹੀਂ
ਇਕਨਾਂ ਲੱਭਦਿਆਂ ਹੱਥ ਨਾ ਆਵੇ ਇਕਨਾਂ ਦੇ ਵਿਚ ਰਾਹੀਂ।

ਮੈਂ ਹਮੇਸ਼ਾ ਈਮਾਨਦਾਰੀ ਨਾਲ ਸੱਚੀ ਗੱਲ ਕੀਤੀ ਹੈ ਅਤੇ ਸੱਚੀ ਗੱਲ ਨੂੰ ਸੱਚੇ ਦਿਲ ਨਾਲ ਕਬੂਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਸਬੰਧੀ ਕਲਮ ਚੁੱਕਣ ਤੋਂ ਪਹਿਲਾਂ ਪੂਰੀ ਜ਼ਿੰਮੇਦਾਰੀ ਤੇ ਡੂੰਘੀ ਖੋਜ ਨਾਲ ਤੱਥ ਅਧਾਰਿਤ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ। ਇਸ ਵਿਚ ਨਿੱਜੀ ਇੱਛਾਵਾਂ ਦਾ ਅਮਲ-ਦਖ਼ਲ ਨਹੀਂ ਹੋਣਾ ਚਾਹੀਦਾ ਤਾਂਕਿ ਆਉਣ ਵਾਲੀਆਂ ਨਸਲਾਂ ਤੱਕ ਤੱਥ ਅਧਾਰਿਤ ਤੇ ਲਾਭਦਾਇਕ ਜਾਣਕਾਰੀ ਪਹੁੰਚ ਸਕੇ। ਇਤਿਹਾਸ ਲਿਖਣ ਲਈ ਆਲਾ ਦਿਮਾਗ਼ ਤੇ ਸਿਆਣਪਤਾ ਦੀ ਲੋੜ ਹੁੰਦੀ ਹੈ। ਇਸ ਲਈ ਇਸ ਕੰਮ ਨੂੰ ਸੰਪੂਰਨ ਜ਼ਿੰਮੇਦਾਰੀ, ਖ਼ਲੂਸ ਅਤੇ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

# ਸ਼ਜਰਾ-ਏ-ਨਸਬ (ਬੰਸਾਵਲੀ)

ਇਹਨਾਂ ਸਤਰਾਂ ਦੇ ਲੇਖਕ ਬੰਦਾ ਸਾਹਿਬਜ਼ਾਦਾ ਮਸਊਦ ਅਹਿਮਦ ਆਲਮਪੁਰੀ ਨੇ ਦੱਖਣੀ ਏਸ਼ੀਆ ਦੇ ਮਹਾਨ ਸੂਫ਼ੀ ਕਵੀ ਸਰਤਾਜ-ਏ-ਔਲੀਆ ਸੁਲਤਾਨ-ਉਲ-ਆਰਿਫ਼ੀਨ ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਜਰਾ-ਏ-ਨਸਬ ਭਾਵ ਬੰਸਾਵਲੀ ਦਾ ਸੰਪਾਦਨ ਕਰ ਦਿੱਤਾ ਹੈ ਤਾਂ ਜੋ ਖੋਜਕਾਰਾਂ, ਗਿਆਨੀਆਂ ਤੇ ਸਾਹਿਤ ਪ੍ਰੇਮੀਆਂ ਲਈ ਸਹੂਲਤ ਹੋ ਸਕੇ। ਬੰਸਾਵਲੀ ਨਿਮਨ ਲਿਖਤ ਅਨੁਸਾਰ ਹੈ।

ਚੌਧਰੀ ਸੁਲਤਾਨ ਅਲੀ

↓

ਚੌਧਰੀ ਮੁਰਾਦ ਬਖ਼ਸ਼

↓

**ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)**

| ↓ | ↓ |
|---|---|
| ਆਇਸ਼ਾ ਬੀਬੀ<br>ਪਤਨੀ/ਸੁਲਤਾਨ ਅਲੀ | ਖ਼ਦੀਜਾ ਬੀਬੀ<br>ਪਤਨੀ/ਅਬਦੁਲ ਅਜ਼ੀਜ਼ |
| ↓ | ↓ |
| ਫ਼ਜ਼ਲ ਅਹਿਮਦ, ਗ਼ੁਲਾਮ ਫ਼ਾਤਿਮਾ | ਅਬਦੁਲ ਲਤੀਫ਼, ਸਈਦਾ ਬੇਗਮ, ਮਸਊਦਾ ਬੇਗਮ, ਅਬੱਦੁਰ ਰਸ਼ੀਦ, ਰਜ਼ੀਆ ਬੇਗਮ ਪਤਨੀ/ਗ਼ੁਲਾਮ ਕਾਦਿਰ |
| | ↓ |

ਸਾਹਿਬਜ਼ਾਦਾ ਮਸਊਦ ਅਹਿਮਦ
ਸੱਜਾਦਾ ਨਸ਼ੀਨ, ਬਾਨੀ ਅਤੇ ਪ੍ਰਧਾਨ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਰਿਸਰਚ
ਆਰਗੇਨਾਈਜ਼ੇਸ਼ਨ (ਰਜਿ.)
ਫ਼ੈਸਲਾਬਾਦ, ਪਾਕਿਸਤਾਨ

*****

# ਬਿਸਮਿੱਲ੍ਹਾ-ਅੱਰਹਿਮਾ-ਨਿੱਰਾਹੀਮ[1]
# ਚਿੱਠੀ ਬਨਾਮ ਸੱਯਦ ਰੌਸ਼ਨ ਅਲੀ ਸਾਹਿਬ

(ਚੰਦ ਅਬੀਆਤ ਦਰਦ ਆਮੇਜ਼ ਦਰ ਫ਼ਿਰਾਕ-ਏ-ਦੋਸਤ)

**(1)**

ਨਦੀਓਂ ਪਾਰ ਵੱਗ ਚਿੱਠੀਏ ਲਈਂ ਖ਼ਬਰਾਂ ਕਹੇ ਪਏ ਮੁਆਮਲੇ ਦਰਦ ਵਾਲੇ।
ਸਾਡੇ ਨੈਣ ਵਿਛੁੰਨੜੇ ਰੱਤ ਭਿੰਨੇ ਲਹਿਰਾਂ ਮਾਰ ਵਗਾਂਵਦੇ ਨਦੀ ਨਾਲੇ।
ਨਦੀਓਂ ਪਾਰ ਵਸੇਂਦਿਆ ਬੇਲੀਆ ਓ ਤੇਰੀਆਂ ਉਲਫ਼ਤਾਂ[2] ਦੇ ਡਿੱਠੇ ਅਜਬ ਚਾਲੇ।
ਤੇਰੇ ਦਰਦ ਫ਼ਿਰਾਕ[3] ਦੀਆਂ ਸ਼ੋਰਸ਼ਾਂ[4] ਨੇ ਤਰਸੀਂਦੜੇ ਨੈਣ ਵਿਚ ਨੀਰ ਗਾਲੇ।
ਅੱਖੀਂ ਤੱਕਦੀਆਂ ਤੱਕਦੀਆਂ ਪੱਕ ਰਹੀਆਂ ਵੱਗਦੀ ਪੋਟਲੀ ਦਾਰੂਓਂ ਰੰਗ ਢਾਲੇ।
ਨੈਣਾਂ ਮੇਰਿਆਂ ਵਾਅਦੇ ਪ੍ਰੀਤ ਵਾਲੇ ਚੰਗੀਆਂ ਗੂੜ੍ਹੀਆਂ ਲਾਲੀਆਂ ਨਾਲ ਪਾਲੇ।
ਭਾਵੇਂ ਪੁੱਛ ਲੈ ਆਣ ਤਾਅਲੁੱਕੇ ਥੀਂ ਨੈਣਾਂ ਮੇਰਿਆਂ ਤੇ ਗੁਜ਼ਰੇ ਕੇਡ ਹਾਲੇ।
ਮੁੰਤਜ਼ਿਰਾਂ[5] ਦੀਆਂ ਧੀਰੀਆਂ ਧਾਰੀਆਂ ਨੇ ਰਿੱਸਦੇ ਜ਼ਖ਼ਮ ਫ਼ਿਰਾਕ ਬੇ-ਇੰਦ ਮਾਲੇ[6]।
ਤੇਰਾ ਖ਼ਤ ਆਇਆ ਲਾਟਾਂ ਮਾਰਦਾ ਉਹ ਸਾਡੇ ਜਿਗਰ ਅੰਦਰ ਪਾਂਦਾ ਗਿਆ ਛਾਲੇ।
ਵਾਹ ਵਾਹ ਝੂਠਿਆਂ ਵਾਅਦਿਆਂ ਤੇਰਿਆਂ ਨੇ ਲਾਂਬੂੰ ਵਿਚ ਕਲੇਜੜੇ ਖ਼ੂਬ ਬਾਲੇ।
ਲਿਖੇ ਕੌਲ ਕਰਾਰ ਤੂੰ ਆਵਣੇ ਦੇ ਸੋ ਉਹ ਗਏ ਗੁਜ਼ਰੇ ਡਿੱਠੇ ਬਾਝ ਫ਼ਾਲੇ।
ਸਾਨੂੰ ਰਹੀ ਉਡੀਕ ਨਿਤ ਆਵਣੇ ਦੀ ਅੰਤ ਆਸ ਟੁੱਟੀ ਗਿਆ ਚਾਅ ਨਾਲੇ।
ਰੁੱਤਾਂ ਬਦਲੀਆਂ ਤੇ ਮੌਸਮ ਹੋਰ ਆਏ ਧੁੱਪਾਂ ਗੁਜ਼ਰੀਆਂ ਤੇ ਲੱਗੇ ਪਵਨ ਪਾਲੇ।
ਅਸੀਂ ਸਰਦੀਆਂ ਗਰਮੀਆਂ ਚੱਖ ਗੁਜ਼ਰੇ ਦੁੱਖ ਸੁੱਖ ਵਾਲੇ ਰੋ ਰੋ ਵਕਤ ਜਾਲੇ।
ਕੁੰਦਨ ਪਏ ਪਰਖਣੇ ਹਾਲ ਨਿਰਧਨ ਅਸੀਂ ਕਈ ਕੁਠਾਲੀਆਂ ਵਿਚ ਗਾਲੇ।
ਅਸਾਂ ਖੋਲ੍ਹ ਸੁਹਾਗ ਦੀਆਂ ਪੱਟੀਆਂ ਨੂੰ ਜਟਾਂ ਧਾਰੀਆਂ ਵਾਂਗ ਗਲ ਵਾਲ ਡਾਲੇ।
ਵਾਹ ਵਾਹ ਰੰਗ ਸੁਹਾਗ ਪਰੀਤ ਦੇ ਦਾ ਕੁਝ ਪੈਰ ਨੀਲੇ ਕੁਝ ਹੱਥ ਕਾਲੇ।
ਸੋਹਨ ਯਾਰੀਆਂ ਨਾਲ ਖ਼ੁਆਰੀਆਂ ਦੇ ਵੱਗਿਆ ਤੀਰ ਤਕਦੀਰ ਦਾ ਕੌਣ ਟਾਲੇ ।

**2**

ਰੋ ਰੋ ਲਿਖੀਏ ਚਿੱਠੀਏ ਦਰਦ ਭਰੀਏ ਪਤਾ ਲਈਂ ਪਰਦੇਸ ਦੇ ਵਾਸੀਆਂ ਦਾ।
ਫੇਰਾ ਘਤ ਪੁਰਾਣਿਆਂ ਸੱਜਣਾਂ ਤੇ ਚੱਲ ਪੁੱਛ ਲੈ ਹਾਲ ਉਦਾਸੀਆਂ ਦਾ।
ਇੱਕੋ ਹਾਲ ਪਏ ਸੜਦੇ ਕਾਲਜੇ ਨੇ ਸੜਨਾ ਰੋਵਣਾ ਜਿਵੇਂ ਇਕਵਾਸੀਆਂ ਦਾ।
ਲੈ ਜਾ ਸੁੱਖ ਸੁਨੇਹੜਾ ਦੁੱਖ ਵਾਲਾ ਅੱਖੀਂ ਰੋਂਦੀਆਂ ਦੀਦ ਪਿਆਸੀਆਂ ਦਾ।
ਝੂਠੇ ਅਹਿਦ ਪੈਮਾਨ[7] ਲਿਖਦਿਆਂ ਨੂੰ ਕਹੀਂ ਸਾਹਮਣੇ ਹਾਲ ਨਿਰਾਸੀਆਂ ਦਾ।
ਪੈਂਡੇ ਮੁੱਕਦੇ ਨਹੀਂ ਫ਼ਿਰਾਕ ਵਾਲੇ ਦਿਲ ਹੋ ਗਿਆ ਬੈਲ ਖ਼ਰਾਸੀਆਂ ਦਾ।
ਐਨੋਂ ਗ਼ੈਨ ਮਹਿਜੂਬ[8] ਬਰਾਤ ਪਾਈ ਦੁੱਖ ਦੇਖ ਵਿਛੋੜੇ ਦੇ ਵਾਸੀਆਂ ਦਾ।

---

1. ਸ਼ੁਰੂ ਉਸ ਰੱਬ ਦੇ ਨਾਂ ਨਾਲ ਜੋ ਅਤਿ ਕ੍ਰਿਪਾਲੂ ਤੇ ਦਿਆਲੂ ਹੈ, 2. ਮੁਹੱਬਤਾਂ, 3. ਵਿਛੋੜਾ, 4. ਸਰਕਸ਼ੀ, 5. ਉਡੀਕਵਾਨ, 6. ਨਾ ਭਰਨ ਵਾਲੇ ਜ਼ਖ਼ਮ, 7. ਵਾਅਦੇ, 8. ਛੁਪੇ ਹੋਏ

ਨਫ਼ਸ-ਉਲ-ਅਮਰ[9] ਮੁਆਮਲਾ ਜਾਣ ਬੈਠਾ ਚਕਨਾਚੂਰ ਖ਼ਿਆਲ ਵਿਸਵਾਸੀਆਂ ਦਾ।
ਵੇ ਮੈਂ ਵਾਰੀ ਆਂ ਸੋਹਣਿਆਂ ਕਹਾਂ ਕਿਸਨੂੰ ਜਾਪੇ ਰਾਜ਼ ਤੂੰ ਰਾਜ਼ ਉਗਾਸੀਆਂ ਦਾ।
ਆਜ਼ਾਦੀਆਂ ਨਾਲ ਸੁਨਾਵਣੇ ਹਾਂ, ਹਾਲਾ ਦੇਖ ਕੇ ਬੇ ਹਿਰਾਸੀਆਂ ਦਾ।
ਛੁੱਟਾ ਬੇਟ ਤੈਂ ਥੀਂ ਧਰਿਆ ਪੇਟ ਅੱਗੇ ਲੱਭਾ ਮਾਲਵਾ ਬਿਲ ਸ਼ਨਾਸੀਆਂ ਦਾ।
ਤੈਂ ਥੀਂ ਵਿਛੜੇ ਅਸੀਂ ਤੂੰ ਗਿਆ ਸਾਥੀਂ ਘਾਟਾ ਦੋਹਾਂ ਨੂੰ ਪਿਆ ਛਿਆਸੀਆਂ ਦਾ।
ਬੈਠੋਂ ਤੋੜ ਪ੍ਰੀਤ ਦੇ ਰਿਸ਼ਤਿਆਂ ਨੂੰ ਗਿਆ ਅਸਰ ਪੁਰਾਣੀਆਂ ਘਾਸੀਆਂ ਦਾ।
ਅਹਿਲ-ਏ-ਦਰਦ ਨੇ ਪੀਰਹਨ[10] ਚਾਕ ਜਾਤਾ ਖ਼ਿਲਅਤ-ਏ-ਫ਼ਖ਼ਰ[11] ਖ਼ੁਲਫ਼ਾਏ-ਅੱਬਾਸੀਆਂ ਦਾ।
ਸਾਡੀ ਜ਼ਲਜ਼ਲਾ ਨਾਕ ਫ਼ਰਿਆਦ ਦਿਲ ਦੀ ਜਾਤਾ ਤੁਸਾਂ ਕਲਿਆਣ ਮਰਾਸੀਆਂ ਦਾ।
ਬੇ-ਦਰਦ ਕੀ ਦਰਦ ਦੀ ਸਾਰ ਜਾਨਣ ਮਾਵਾਂ ਮਾਰੀਆਂ ਖ਼ੌਫ਼ ਕੀ ਮਾਸੀਆਂ ਦਾ।
ਜਿਨ੍ਹਾਂ ਦਰਦ ਦੀਆਂ ਲੱਜ਼ਤਾਂ ਚੱਖੀਆਂ ਨੇ ਨਹੀਂ ਉਨ੍ਹਾਂ ਨੂੰ ਚਾਅ ਖ਼ਲਾਸੀਆਂ ਦਾ।
ਨਹੀਂ ਜਿਨ੍ਹਾਂ ਨੂੰ ਚਾਓ ਖ਼ਲਾਸੀਆਂ ਦਾ ਤਿਨ੍ਹਾਂ ਹੌਸਲਾ ਕੁਮਕਾਂ[13] ਖਸੀਆਂ ਦਾ।
ਫ਼ਿਕਰ ਜਿਨਹਾਂ ਨੂੰ ਬੇ-ਅਖ਼ਲਾਸੀਆਂ ਦਾ ਚਾਉ ਤਿਨਾਂ ਨੂੰ ਨਹੀਂ ਖਲਾਸੀਆਂ ਦਾ।
ਸਾਦਾਤ ਕਰਾਮ[14] ਦੇ ਜੱਦ-ਏ-ਅਮਜ਼ਦ[15] ਸ਼ਾਫ਼ਿਆ[16] ਵਿਚ ਕੌਨੈਨ[17] ਹੈ ਆਸੀਆ ਦਾ।

## 3

ਸਾਨੂੰ ਰਹੀ ਉਡੀਕ ਤੂੰ ਨਾ ਆਇਆ ਅਸਾਂ ਬਹੁਤ ਮੁਸੀਬਤਾਂ ਝੱਲੀਆਂ ਓ।
ਆਹੀਂ ਦਰਦ ਭਰੀਆਂ ਸਾਡੇ ਕਾਲਜੇ ਥੀਂ ਤੇਰੇ ਮਾਲਵੇ ਤੇ ਚੜ੍ਹ ਚੱਲੀਆਂ ਓ।
ਬੇਵੱਸ ਦਿਲ ਦਰਦ ਲੁਟਾਰਿਆਂ ਦਾ ਆਹੀਂ ਜਾਂਦੀਆਂ ਨਹੀਂ ਹੁਣ ਠੱਲੀਆਂ ਓ।
ਇੰਤਜ਼ਾਰ ਦੇ ਦਰਦ ਦੀਆਂ ਤੇਜ਼ ਨੋਕਾਂ ਸਾਡੇ ਨੈਣਾਂ ਦੀਆਂ ਧੀਰੀਆਂ ਸਿੱਲੀਆਂ ਓ।
ਅਸੀਂ ਵਾਂਗ ਪਰਦੇਸੀਆਂ ਦੇਸ ਅੰਦਰ ਕਿਹੜੇ ਦੇਸ ਤੁਸਾਂ ਕੋਟਾਂ ਮੱਲੀਆਂ ਓ।
ਮੁੜ ਬੋਹੜ ਪਰਦੇਸੀਆਂ ਮੇਰਿਆ ਓ ਮੈਨੂੰ ਬਾਝ ਨਾ ਤੁਸਾਂ ਤਸੱਲੀਆਂ ਓ।
ਸੁੱਕੇ ਖ਼ਤਾਂ ਦੀਆਂ ਚਕਮਕਾਂ[18] ਝਾੜਦਾ ਏਂ ਇਹ ਚੰਗੀਆਂ ਨਹੀਂ ਇਵੱਲੀਆਂ ਓ।
ਚਾਹਾਂ ਮੇਲ, ਮਿਲ ਜਾ ਦੁੱਖ ਜਾਣਾ ਮੇਰੇ ਅਜੇ ਜ਼ਖ਼ਮ ਦੀਆਂ ਸ਼ੋਰਸ਼ਾਂ ਅੱਲੀਆਂ ਓ।
ਇਹ ਅੱਖੀਆਂ ਰੋਂਦੀਆਂ ਦੀਦਨਾਂ ਨੂੰ ਨਦੀਓਂ ਲਹਿਰ ਦੇ ਖ਼ੂਨ ਉੱਛਲੀਆਂ ਓ।
ਜੇ ਤੂੰ ਆਉਣਾ ਨਹੀਂ ਸੀ ਦਗ਼ੇਬਾਜ਼ਾ ਕਾਹਨੂੰ ਝੂਠੀਆਂ ਚਿੱਠੀਆਂ ਘੱਲੀਆਂ ਓ।
ਸਾਡੇ ਦਿਲ ਦੀਆਂ ਜ਼ਾਰੀਆਂ ਮਾਤ ਪਈਆਂ ਛੇੜ ਛਾੜ ਥੀਂ ਫੇਰ ਉੱਛਲੀਆਂ ਓ।
ਅੱਖੀਂ ਦੀਦ ਵਿਛੁੰਨਿਆ ਜੁੱਗ ਦੀਏ ਰਹਿ ਸਕਦੀਆਂ ਨਹੀਂ ਇਕੱਲੀਆਂ ਓ।
ਭਾਵੇਂ ਕੀਤੀਆਂ ਤੁਸਾਂ ਕਵੱਲੀਆ ਹੀ ਅਸਾਂ ਜਾਤੀਆਂ ਸਭ ਸਵੱਲੀਆ ਓ।

## 4

ਵੇ ਤੂੰ ਨਿੱਜ ਵਿਆਹਿਆ ਜਾਂਵਦੋਂ ਵੇ ਲੈਂਦੋਂ ਨਾਲ ਮਹੂਰਤਾਂ ਨਿੱਜ ਫੇਰੇ।
ਮਿਲਿਆ ਨਵੀਂ ਸੁਹਾਗ ਦਾ ਧਰਮ ਧੱਕਾ ਨਦੀਓਂ ਪਾਰ ਹੋ ਗਏ ਮਹਿਬੂਬ ਮੇਰੇ।
ਚੜ੍ਹੀ ਜੰਞ ਫ਼ਿਰਾਕ ਦੇ ਜਾਂਞੀਆਂ ਦੀ ਛੁੱਟਾ ਦੇਸ, ਪਰਦੇਸ ਵਿਚ ਪਏ ਡੇਰੇ।
ਮਿਲਿਆ ਸ਼ਗਨ ਜਾਂ ਦੇਸ਼ ਨਿਕਾਲੜੇ ਦਾ ਹੋਇਆ ਲਾਟ ਫ਼ਿਰਾਕ ਵਿਚ ਜਿਗਰ ਬੇਰੇ।
ਮੇਰੇ ਯਾਰ ਰੰਗ ਰਤੜੇ ਲਾਡਲੇ ਨੂੰ ਪਏ ਪ੍ਰੇਮ ਸੁਹਾਗ ਦੇ ਕਹੇ ਘੇਰੇ।
ਜ਼ੰਜੀਰ ਤਕਦੀਰ ਦੇ ਪਏ ਭਾਰੇ, ਨਾ ਕੁਝ ਵੱਸ ਮੇਰੇ ਨਾ ਕੁਝ ਵੱਸ ਤੇਰੇ।
ਤੇਰੀ ਮਰੇ ਜੋੜੀ ਵੇ ਤੂੰ ਰਹੇਂ ਰੰਡਾ ਕਦੀ ਫੇਰ ਆਵੀਂ ਮੁੜ ਪਾਸ ਮੇਰੇ।
ਮੈਨੂੰ ਚਾਹ ਦੀਦਾਰ ਦੀ ਇਕ ਵਾਰੀ ਮੈਂ ਵੱਲ ਮੋੜ ਵਾਗਾਂ ਜ਼ਰਾ ਢੱਕ ਨੇੜੇ।

---

9. ਸਹੀ ਭੇਦ, ਅਸਲ, 10. ਲਿਬਾਸ, ਕੱਪੜੇ, 11. ਮਾਣ-ਸਨਮਾਣ ਦਾ ਸਿਰੋਪਾ, 12. ਅੱਬਾਸੀ ਖ਼ਾਨਦਾਨ ਦੇ ਖ਼ਲੀਫ਼ੇ, 13. ਸਹਾਇਤਾ, 14. ਸੱਯਦ ਲੋਕ, 15. ਬਜ਼ੁਰਗ, 16. ਸਿਫ਼ਾਰਿਸ਼ ਕਰਨ ਵਾਲਾ, 17. ਦੋਹਾਂ ਜਹਾਨਾਂ ਦਾ, 18. ਇਕ ਪੱਥਰ ਜੋ ਅੱਗ ਪੈਦਾ ਕਰਦਾ ਹੈ,

ਸਾਨੂੰ ਹਿਜਰ ਮੁਆਮਲੇ ਪਏ ਜਿਹੜੇ ਸਾਡੇ ਕਰਮ ਕੁਵੱਲੜੇ ਆਪ ਭੇੜੇ।
ਤੇਰੀਆਂ ਸ਼ੌਕ ਮੁਹੱਬਤਾਂ ਲੱਗੀਆਂ ਨੇ ਸਾਨੂੰ ਚਾੜ੍ਹਿਆ ਚਾਅ ਫ਼ਿਰਾਕ ਬੇੜੇ।
ਸਾਨੂੰ ਪਾਰ ਅਰਾਰ ਇਕਸਾਰ ਬਣਿਆ ਵੇ, ਮੈਂ ਕਾਸਨੂੰ ਪ੍ਰੀਤ ਦੇ ਪੇਚ ਛੇੜੇ।
ਜਾਂ ਇਹ ਪੇਚ ਛੇੜੇ ਡਿੱਠਾ ਢੁੱਕ ਨੇੜੇ ਦਰਦ ਦੁੱਖ ਦੇ ਲੰਬੜੇ ਪਏ ਝੇੜੇ।
ਜਿਨ੍ਹਾਂ ਦੀਦ ਪ੍ਰੀਤ ਦੇ ਖੇਤ ਬੀਜੇ ਅੰਤ ਤਿਨਹਾਂ ਦੇ ਨੈਣ ਦੇ ਹਲਟ ਗੇੜੇ।
ਜਿਨ੍ਹਾਂ ਇਸ਼ਕ ਦੀਆਂ ਠੋਕਰਾਂ ਵੱਜੀਆਂ ਨੇ ਥਾਓਂ ਅਖੜੇ ਫੇਰ ਨਾ ਵਸੇ ਖੇੜੇ।

## 5

ਰਵਾਦਾਰ ਹੈਂ ਜੇ ਲਾਈਆਂ ਯਾਰੀਆਂ ਦਾ ਮੁੜ ਕਸਦ[19] ਕਰ ਮੁੱਖ ਦਿਖਾਵਨੇ ਨੂੰ।
ਆਪੇ ਜੋੜਦਾ ਹੈਂ ਜੋੜ ਤੋੜਦਾ ਹੈਂ ਓਏ ਰੋਦਿਆ! ਯਾਰੀਆਂ ਲਾਵਨੇ ਨੂੰ।
ਜੇ ਤੇ ਪਿੱਟਣਾ ਸਿਰੇ ਤੇ ਸੁਝਦਾ ਸੀ ਕਾਹਨੂੰ ਪਿਆ ਸੈਂ ਵਿਆਹ ਕਰਾਵਨੇ ਨੂੰ।
ਘਰ ਦੇ ਪਏ ਧੰਦੇ ਤੈਨੂੰ ਕਹੇ ਮੰਦੇ ਦਿਲੋਂ ਯਾਰੀਆਂ ਭੁੱਲ ਭੁਲਾਵਨੇ ਨੂੰ।
ਸਾਥੋਂ ਓਹ ਚੰਗੀ ਜਿਹਦੇ ਨਾਲ ਰੁਝੋਂ ਸਾਨੂੰ ਖ਼ਤ ਲਿਖੇਂ ਪਤਿਆਵਨੇ ਨੂੰ।
ਸਾਨੂੰ ਢੋਰ ਜਾਤਾ ਆਪ ਚਤੁਰ ਬਨਿਆਂ ਗੱਲਾਂ ਲਿਖੀਆਂ ਬਾਲ ਪਰਚਾਵਨੇ ਨੂੰ।
ਤੇਰੀ ਚਾਹ ਓ ਸੱਯਦਾ! ਮੋੜ ਵਾਗਾਂ ਦਿਲੋਂ ਝੱਲ ਦੁਆਬੇ ਵੱਲ ਆਵਨੇ ਨੂੰ।
ਸੱਚਾ ਪੀਰ ਹੈਂ ਤੇ ਜਲਦ ਬਾਹਵੜੀਂ ਓ ਦਰਦ ਮੰਦਾਂ ਦੇ ਦਰਦ ਹਟਾਵਨੇ ਨੂੰ।
ਪੀਰਾ ਸੱਚ ਦਿਆ ਵੇ ਲਾਜਾਂ ਰੱਖਦਿਆ ਵੇ ਪਰਦੇ ਕਜਦਿਆ ਐਬ ਛੁਪਾਵਨੇ ਨੂੰ।
ਤੇਰੇ ਵੱਲ ਧਿਆਨ ਤੂੰ ਬੋਹੜ ਝਬਦੇ ਸਾਡੀ ਦੁੱਖ ਥੀਂ ਜਾਨ ਛੁਡਾਵਨੇ ਨੂੰ।
ਮੈਂ ਵੱਲ ਆ ਮੈਂ ਵਾਰੀਆਂ ਰੱਜ ਦੇਖਾਂ ਛੱਡ ਉਜ਼ਰਦਾਰੀ ਲਿਖ ਪਹੁੰਚਾਵਨੇ ਨੂੰ।
ਜੇ ਤੂੰ ਆਵਨਾ ਨਹੀਂ ਤੇ ਲਿਖ ਸਾਨੂੰ ਅਸੀਂ ਆਪ ਆਈਏ ਦਰਸ਼ਨ ਪਾਵਨੇ ਨੂੰ।
ਇਹ ਵੀ ਨਹੀਂ ਮਨਜ਼ੂਰ ਤੇ ਨਸ਼ਰ[20] ਹੋ ਕੇ ਅਸੀਂ ਫਿਰਾਂਗੇ ਹਾਲ ਦਿਖਾਵਨੇ ਨੂੰ।
ਸੋਜ਼ ਨਾਕ ਦਿਲ ਦੀ ਹੋਵੇ ਆਹ ਧੂਆਂ ਜ਼ੁਲਫ਼ ਯਾਰ ਦੀ ਹੱਥੀਂ ਵਲ ਖਾਵਨੇ ਨੂੰ।
ਹੋਵਾਂ ਖ਼ੂਨ ਬਹਿ ਨੈਣ ਥੀਂ ਵਗਾਂ ਸਾਰਾ ਰੁਖ ਮਹਿੰਦੀ ਦੇ ਜੜੀਂ ਸਮਾਵਨੇ ਨੂੰ।
ਰਚੇ ਰੰਗ ਹੋ ਬੇਰਗ ਤੇ ਯਾਰ ਸ਼ਾਇਦ ਮਨਜ਼ੂਰ ਕਰੇ ਪੈਰੀਂ ਲਾਵਨੇ ਨੂੰ।
ਪੈਰੀਂ ਲੱਗਿਆਂ ਦੀ ਅੰਤ ਲਾਜ ਪਾਲੇ ਕਰੇ ਮਹਿਵ ਵਿਚ ਵਸਲ ਨਿਹਲਾਵਨੇ ਨੂੰ।
ਇਹ ਕੁੱਝ ਦੂਰ ਨਹੀਂ ਰਹਿਮ ਯਾਰ ਦੇ ਥੀਂ ਔਗੁਨਹਾਰ ਤੇ ਕਰਮ ਕਮਾਵਨੇ ਨੂੰ।
ਅਸੀਂ ਇਸ਼ਕ ਜ਼ੰਜੀਰੀਆਂ ਘੱਤ ਪੈਰੀਂ ਲਿੱਖੀਆਂ ਚਿੱਠੀਆਂ ਦਰਦ ਸੁਨਾਵਨੇ ਨੂੰ।
ਥੱਈਆ ਥਈ ਨਚਾਇਆ ਏ ਸੋਜ਼[21] ਤੇਰੇ ਧਮਕ ਪਈ ਜਨੂੰਨ ਬੁਲਾਵਨੇ ਨੂੰ।
ਏਧਰ ਚੜ੍ਹੀ ਬਹਾਰ ਜਨੂੰਨੀਆਂ ਤੇ ਬੈਠਾ ਯਾਰ ਖ਼ੁਦ ਤਬਲ ਵਜਾਵਨੇ ਨੂੰ।

ਵਾਜਾ ਵੱਜਿਆ ਤੇ ਤਾਰਾਂ ਹਿੱਲੀਆਂ ਨੇ ਇਸ਼ਕ ਗੱਜਿਆ ਰਮਜ਼ ਸਮਝਾਵਨੇ ਨੂੰ।
ਰਮਜ਼ਾਂ ਲਾਈਆਂ ਨਾਲ ਚਵਾਤੀਆਂ ਦੇ ਮੁੜ ਸੁੱਤੀਆਂ ਕਲਾਂ ਜਗਾਵਨੇ ਨੂੰ।
ਤਾਰ ਤਾਰ ਸਰਸ਼ਾਰ[22] ਮੈਅ-ਏ-ਨਾਬ ਅੰਦਰ ਨਦੀਆਂ ਨਸ਼ੇ ਦੀਆਂ ਚਾੜ੍ਹ ਝੁਲਾਵਨੇ ਨੂੰ।
ਭਰਿਆ ਦੌਰ ਸ਼ਰਾਬ ਦਾ ਕੁੱਲ ਆਲਮ ਸਾਕੀ ਉੱਠਿਆ ਜਾਮ ਪਿਲਾਵਨੇ ਨੂੰ।
ਇਸ਼ਕ ਰੋੜ੍ਹਦਾ ਤੇ ਰੋੜ੍ਹ ਸਾੜਦਾ ਈ ਨਦੀਆਂ ਵਹਿੰਦੀਆਂ ਥੀਂ ਲਾਟਾ ਚਾਵਨੇ ਨੂੰ।
ਅਸੀਂ ਭੇਦ ਕਹੀਏ ਵਿਚ ਖੇਤ ਰਹੀਏ ਲੱਗੋਂ ਕਾਸਨੂੰ ਅੱਗ ਸੁਲਗਾਵਨੇ ਨੂੰ।
ਇਹ ਇਸ਼ਕ ਹੈ ਬਹਿਰ-ਏ-ਅਮੀਕ[23] ਭਾਰਾ ਕਾਹਨੂੰ ਪਿਆ ਹੈ ਭੇਤ ਫਲਾਵਨੇ ਨੂੰ।
ਮੀਆਂ ਸੱਯਦਾ! ਆ ਮਿਲ ਮਿਲਣ ਤੇਰਾ ਦੇਂਦਾ ਲੱਜ਼ਤਾਂ ਪੀਵਣੇ ਖਾਵਨੇ ਨੂੰ।
ਸਾਡਾ ਪੀਵਨਾ ਖਾਵਨਾ ਜ਼ਹਿਰ ਬਣਿਆ ਦਮ ਦਮ ਖੜੇ ਹਾਂ ਦੁਖ ਉਠਾਵਨੇ ਨੂੰ।

19. ਪੱਕਾ ਇਰਾਦਾ, 20. ਪਸਰਨਾ, 21. ਦੁੱਖ-ਦਰਦ, 22. ਲਬਾਲਬ ਭਰਿਆ ਹੋਇਆ, 23. ਡੂੰਘਾ ਸਮੁੰਦਰ,

ਪੀਵਨਹਾਰ ਗਿਆ ਮੈਅ ਗਈ ਨਜ਼ਰੋਂ ਅਕਸ ਰਿਹਾ ਏ ਗ਼ੈਰ ਜਲਾਵਨੇ ਨੂੰ।
ਤੇਰਾ ਆਵਨਾ ਹੋਵੇ ਜੇ ਬਹੁਤ ਮੁਸ਼ਕਿਲ ਮੈਂ ਵੱਲ ਘੱਲ ਦੇ ਖ਼ਤ ਬੁਲਾਵਨੇ ਨੂੰ।
ਪਹੁੰਚੇ ਅਸਾਂ ਵੱਲ ਖ਼ਤ ਬੁਲਾਵਨੇ ਨੂੰ ਤਾਂ ਤਿਆਰ ਬਹਾਂਗੇ ਆਵਨੇ ਨੂੰ।
ਲਿਖੀਂ ਸੱਚ ਕੁੱਝ ਕਰੀਂ ਨਾ ਕੱਚ ਮੀਆਂ ਲਿਖੀਂ ਖ਼ਤ ਨਾਹੀਂ ਆਜ਼ਮਾਵਨੇ ਨੂੰ।
ਇਨਕਾਰ ਜੇ ਕਰੇਂ ਤੂੰ ਆਵਨੇ ਥੀਂ ਅਸੀਂ ਆਵਨਾ ਤੇਰੇ ਲਿਆਵਨੇ ਨੂੰ।

**6**

ਧੋ ਬੈਠਾ ਏਂ ਪ੍ਰੀਤ ਦੀਆਂ ਰੰਗਤਾਂ ਨੂੰ ਨਵੀਆਂ ਲੱਗੀਆਂ ਅੱਜ ਵਿਚ ਜ਼ੋਰ ਹੋਈਆਂ।
ਗਈਆਂ ਬੱਤਖ਼ਾਂ ਬੇਟ ਦਿਆਂ ਛੱਪੜਾਂ ਥੀਂ ਬੜੀਆਂ ਮਾਲਵੇ ਵੜਦਿਆਂ ਹੋਰ ਹੋਈਆਂ।
ਏਥੇ 'ਅਸੀਂ' ਆਹੇ ਉੱਥੇ ਬਣੇ 'ਆਪਾਂ' ਜਦੋਂ ਬੋਲੀਆਂ ਹੋਰ ਦੀਆਂ ਹੋਰ ਹੋਈਆਂ।
ਜਿਹੜੀਆਂ ਜਾ ਰੱਲੀਆਂ ਗਲੇ ਲਾ ਲਈਆਂ ਪਿੱਛੜ ਛੁੱਟੜਾਂ ਅੱਜ ਹੁਣ ਚੋਰ ਹੋਈਆਂ।
ਜਿਨ੍ਹਾਂ ਵਿਛੜੇ ਯਾਰ ਨਾ ਮਿਲੇ ਮੁੜ ਕੇ ਉਹ ਲੇਖ ਨੂੰ ਰੋਂਦੀਆਂ ਠੋਰ ਹੋਈਆਂ।
ਉਹ ਜ਼ਿੰਦਗੀ ਤੇ ਜ਼ਾਰ-ਓ-ਜ਼ਾਰ[24] ਰੋਈਆਂ ਤੇ ਉਹ ਬਾਝ ਮੋਇਆਂ ਵਿਚ ਗੋਰ[25] ਹੋਈਆਂ।
ਜ਼ਿਮੀਆਂ ਜਿਹੜੀਆਂ ਦੇ ਸਾਈਂ ਛੋੜ ਬੈਠੇ ਬਿਨਾਂ ਸਾਂਭ ਕੱਲਰ ਬੰਜਰ ਸ਼ੋਰ ਹੋਈਆਂ।
ਉਹ ਦਾਰ-ਏ-ਬਕਾ[26] ਵਿਚ ਰਹਿਣ ਐਂਵੇਂ ਜਿਹੜੀਆਂ ਦਾਰ-ਏ-ਫ਼ਨਾ ਵਿਚ ਗੋਰ ਹੋਈਆਂ।
ਦੁੱਖ ਚੁੱਪ ਚੁਪਾਤੀਆਂ ਜਰਨ ਕਿਉਂ ਕਰ ਜਿਹੜੀਆਂ ਅੰਦਰੋਂ ਸਖ਼ਤ ਪੁਰਸ਼ੋਰ ਹੋਈਆਂ।
ਜਿਨ੍ਹਾਂ ਬੁਲਬੁਲਾਂ ਗੁਲਾਂ ਦੀ ਮਿਲੀ ਨਿਕਹਤ[27] ਟੁੱਟੇ ਪਿੰਜਰੇ ਤੇ ਖੁੱਲੀ ਡੋਰ ਹੋਈਆਂ।
ਪਾਈ ਸ਼ਮਾ ਦੀ ਚਮਕ ਪਰਵਾਨਿਆਂ ਨੇ ਅੱਖੀਂ ਨੀਰ ਭਰੀਆਂ ਆਤਿਸ਼ ਖ਼ੋਰ ਹੋਈਆਂ।
ਜਿਨ੍ਹਾਂ ਤਾਂਘ ਮਹਿਬੂਬ ਦੀ ਜਾਲਿਆ ਏ ਨਾਲ ਆਪਣੇ ਚੰਦ ਚਕੋਰ ਹੋਈਆਂ।

**7**

ਵਾਏਂ ਠੰਡਿਆਂ ਝੁੱਲਿਆਂ ਰੁੱਤ ਬਦਲੀ, ਲਈਆਂ ਬਦਲ ਸੁੱਖ ਜਿਉੜੀਆਂ ਵਰਦੀਆਂ ਓ।
ਵਾਓ ਸਮੇਂ ਦੀ ਵੱਗੀ ਮਿਜ਼ਾਜ ਬਦਲੀ ਪਈਆਂ ਵਿਚ ਤਬੀਅਤਾਂ ਸਰਦੀਆਂ ਓ।
ਅਹੋਲ ਚਸ਼ਮ[28] ਨੂੰ ਇਕ ਥੀਂ ਦੋ ਦਿੱਸਣ ਤੇ ਨਸੀਹਤਾਂ ਅਸਰ ਨਾ ਕਰਦੀਆਂ ਓ।
ਵੇ ਮੈਂ ਹੋਰ ਨਾਹੀਂ ਤੇ ਤੂੰ ਹੋਰ ਨਾਹੀਂ ਮੈਂ ਤੂੰ ਮੂਰਤਾਂ ਅਸਲ ਸੂਰ ਦੀਆਂ ਓ।
ਮਾਅਨੇ ਇਕ ਵਿਚ ਸੂਰਤਾਂ ਫ਼ਰਕ ਭਾਵੇਂ ਇੱਕੋ ਇਕ ਇਹ ਵੀ ਦਮ ਭਰਦੀਆਂ ਓ।
ਜਿਨ੍ਹਾਂ ਫ਼ਰਕ ਜਾਤਾ ਸੋ ਉਹ ਗ਼ਰਕ ਹੋਏ ਭਾਅ ਤਿਨਹਾਂ ਦੇ ਧੁਰੋਂ ਨਾਮਰਦੀਆਂ ਓ।
ਗੁਲਜ਼ਾਰ ਬਹਾਰ ਸੰਸਾਰ ਦੀ ਤੇ ਅੱਖੀਂ ਖੁੱਲੀਆਂ ਨਸ਼ੇ ਵਿੱਚ ਤਰਦੀਆਂ ਓ।
ਤੂੰ ਵੀ ਖੋਲ ਅਖੀਂ ਨੈਣਾਂ ਵਾਲਿਆ ਓ ਅਰਜ਼ਾਂ ਕਰਦੀਆਂ ਘਰ ਦੀਆਂ ਬਰਦੀਆਂ ਓ।
ਕਿਸ ਥੀਂ ਦੂਰ ਨੱਸੇਂ ਕਿਸ ਦੇ ਨਾਲ ਵੱਸੇਂ ਕਹੀਆਂ ਸੱਜਣਾਂ ਇਹ ਬੇਦਰਦੀਆਂ ਓ।
ਮਗ਼ਰੂਰ ਹੋਇਓਂ ਸਾਥੀਂ ਦੂਰ ਹੋਇਓਂ ਸ਼ਾਇਦ ਦਿਲੇ ਵਿਚ ਸ਼ੇਖ਼ੀਆਂ ਜ਼ਰਦੀਆਂ ਓ।
ਦੇਣ ਲੱਜ਼ਤਾਂ ਸ਼ੌਕ ਮੁਹੱਬਤਾਂ ਓ ਹੋਰ ਬਾਜ਼ੀਆਂ ਜਿੱਤ ਜਿੱਤ ਹਰਦੀਆਂ ਓ।
ਲੂਣ ਤੇਲ ਮਿਰਚਾਂ ਹਲਦੀ ਦਾਲ ਆਟਾ ਵਿਚ ਇਨ੍ਹਾਂ ਦੇ ਸ਼ੇਖ਼ੀਆਂ ਘਰ ਦੀਆਂ ਓ।
ਘਿਰ ਗਇਓਂ ਵਿੱਚੇ ਜੇ ਕੁਝ ਰਹਿਓਂ ਬਾਕੀ ਗਲ ਆਣ ਲੱਗ ਬੁਕਲਾਂ ਠਰਦੀਆਂ ਓ।
ਵੱਗਣੋਂ ਅੱਖੀਆਂ ਬੱਸ ਨਾ ਕਰਦੀਆਂ ਓ, ਨਾ ਇਹ ਮੱਛੀਆਂ ਸਬਰ ਦੇ ਸਰ ਦੀਆਂ ਓ।
ਝਬਦੇ ਪਹੁੰਚ ਬੇਲੀ! ਹੁਣ ਵੇਲੜਾ ਈ ਏਦੋਂ ਪਰੇ ਤਕਲੀਫ਼ ਨਾ ਜਰਦੀਆਂ ਓ।
ਕਹੇ ਜਾਲ ਜੰਜਾਲ ਦੇ ਪਏ ਤੈਨੂੰ ਜਾਨ ਜਾਲ ਕਾਈ ਏਧਰ ਮਰਦੀਆਂ ਓ।
ਵਿਚ ਸੁਫ਼ਨਿਆਂ ਦੇ ਚਮਕਾਂ ਦੇਵਨਾ ਈਂ ਸੁੱਖ ਸੌਣ ਥੀਂ ਅੱਖੀਆਂ ਡਰਦੀਆਂ ਓ।
ਨੀਂਦਾਂ ਸੱਜਣਾ ਸਾਡੀਆਂ ਧੀਰੀਆਂ ਤੇ ਧਾਰੀ ਤੇਜ਼ ਤਲਵਾਰ ਦੀ ਧਰਦੀਆਂ ਓ।
ਛੱਡ ਚਾਰ ਦਿਨ ਘਰ ਦਿਆਂ ਧੰਦਿਆਂ ਨੂੰ ਕਹੀਆਂ ਦੁੱਖ ਮੁਸੀਬਤਾਂ ਘਰ ਦੀਆਂ ਓ।

---

24. ਲਗਾਤਾਰ, 25. ਕਬਰ, 26. ਜੰਨਤ, 27. ਖ਼ੁਸ਼ਬੂ, 28. ਭੈਂਗਾ,

ਮਿਲ ਜਾ ਸਾਨੂੰ ਵੇ ਤੂੰ ਜੱਗ ਜੀਵੇਂ ਗਲੀਆਂ ਸੁੰਞੀਆਂ ਸ਼ੌਕ ਨਗਰ ਦੀਆਂ ਓ।
ਘਰ ਦਾ ਫ਼ਿਕਰ ਦਿਨ ਚਾਰ ਭੁਲਾ ਦਿਲ ਥੀਂ ਮਿਹਰਬਾਨੀਆਂ ਰੱਬ ਕਾਰੀਗਰ ਦੀਆਂ ਓ।
ਜ਼ਿੰਮੇਦਾਰ ਜਹਾਂ ਦੇ ਰਿਜ਼ਕ ਦਾ ਹੈ ਉਹਦੀਆਂ ਹਿਰਨੀਆਂ ਜੰਗਲੀਂ ਚਰਦੀਆਂ ਓ।
ਦੁੱਖ ਝੱਲਣੇ ਨੂੰ ਇਨਸਾਨ ਬਣਿਆ ਨਫ਼ਸ ਪਰਵਰੀ ਖ਼ਸਲਤਾਂ ਖ਼ਰ ਦੀਆਂ ਓ।
ਅਸੀਂ ਸੱਚੀਆਂ ਖੋਲ ਸੁਣਾਵਣੇ ਹਾਂ ਜਿਹੀਆਂ ਅਸਾਂ ਬੇਦਿਲਾਂ ਥੀਂ ਸਰਦੀਆਂ ਓ।
ਪਰ-ਓ-ਵਾਲ ਸੜ ਜਾਣ ਪਖੇਰੂਆਂ ਦੇ ਲਾਟਾਂ ਛੁੱਟੀਆਂ ਅੱਜ ਜਿਗਰ ਦੀਆਂ ਓ।
ਪਰਵਾਜ਼ ਸਾਡਾ ਪੁਰ ਹੌਸਲੇ ਦੇ ਜਿਵੇਂ ਸ਼ੋਖ਼ੀਆਂ ਮੁਰਗ-ਏ-ਬੇ ਪਰ ਦੀਆਂ ਓ।
ਬੇ-ਪਰਾਂ ਦੀਆਂ ਸ਼ੋਖ਼ੀਆਂ ਤੜਫ਼ਨਾਂ ਈ ਕਲਮਾਂ ਚੱਲੀਆਂ ਜਿਵੇਂ ਕਦਰ ਦੀਆਂ ਓ।
ਵਿਚ ਸੀਨਿਆਂ ਬਿਜਲੀਆਂ ਵਰ੍ਹਦੀਆਂ ਨੇ ਜਿੱਥੇ ਤਾਬਿਸ਼ਾਂ ਸ਼ੌਕ ਸ਼ਰਰ ਦੀਆਂ ਓ।
ਸਾਨੂੰ ਫ਼ਾਇਦਾ ਰੰਜ ਪ੍ਰੀਤ ਦੇ ਦਾ ਸੀਨੇ ਸੋਜ਼ਿਸ਼ਾਂ ਤੇ ਰੁਖ਼ ਜ਼ਰਦੀਆਂ ਓ।
ਆਹਾਂ ਲੰਮੀਆਂ ਵਾਂਗ ਨਿਕੰਮੀਆਂ ਨੇ ਉਚਵਾਈਆਂ ਤੇ ਸਿਰ ਦਰਦੀਆਂ ਓ।
ਸੋਹਣੇ ਯਾਰ ਦੇ ਅਜੇ ਵਿਚ ਕਾਰਖ਼ਾਨੇ ਨਹੀਂ ਕਿਸੇ ਹਿਸਾਬ ਵਿਚ ਤਰਦੀਆਂ ਓ।
ਝੱਲੀ ਸੋਹਣਿਆਂ ਜ਼ਾਰੀਆਂ ਕਰਦਿਆਂ ਨੂੰ ਇਹ ਬਰਦੀਆਂ ਫ਼ਜ਼ਲ ਦੇ ਦਰ ਦੀਆਂ ਓ।

## 8

ਜੇ ਹੈਂ ਯਾਰ ਮੇਰਾ, ਮੈਂ ਵੱਲ ਕਰੀਂ ਫੇਰਾ, ਏਸ ਜਿੰਦ ਦਾ ਕੁੱਝ ਇਅਤਬਾਰ ਨਾਹੀਂ।
ਖ਼ਾਕੀ ਪੁਤਲਾ ਗੱਲਾਂ ਦਾ ਪਿੰਜਰਾ ਏ, ਉੱਡਿਆ ਭੌਰ ਤੇ ਫੇਰ ਦਰਕਾਰ ਨਾਹੀਂ।
ਇਹ ਗੱਲ੍ਹਾਂ ਦੀ ਤਾਰ ਤੇ ਵੱਜਦਾ ਏ ਟੁੱਟੀ ਫੇਰ ਮੁੜ ਵੱਜਣੀ ਤਾਰ ਨਾਹੀਂ।
ਜਦੋਂ ਫੇਰ ਮੁੜ ਵੱਜਣੀ ਤਾਰ ਨਾਹੀਂ ਵੇਲਾ ਹੁਣੇ ਹੈ ਘੜੀ ਉਧਾਰ ਨਾਹੀਂ।
ਇਸ ਖੜਕ ਦੇ ਸਾਜ਼ ਦੀ ਤੰਦ ਬਿਗੜੀ ਮੁੱਲ ਪਾਂਵਦੀ ਕਿਸੇ ਬਾਜ਼ਾਰ ਨਾਹੀਂ।
ਮੁੱਲ ਜਿਨ੍ਹਾਂ ਦਾ ਕਿਸੇ ਬਾਜ਼ਾਰ ਨਾਹੀਂ ਰੋਵਾਂ ਤਿਨਹਾਂ ਤੇ ਕਰਨ ਬਲਕਾਰ ਨਾਹੀਂ।
ਦੁਨੀਆ ਕੂਚ ਮੁਕਾਮ ਹੈ ਰਾਹੀਆਂ ਦਾ ਏਥੇ ਲੰਬੜੇ ਪੈਰ ਪਸਾਰ ਨਾਹੀਂ।
ਚੱਲਾ ਚੱਲੀ ਦੇ ਟੱਲ ਪਏ ਖੜਕਦੇ ਨੇ ਐਵੇਂ ਕੂੜ ਦੇ ਕੋਟ ਉਸਾਰ ਨਾਹੀਂ।
ਮੈਂ ਤੈਂ ਵਾਂਗ ਉਸਾਰਦੇ ਕਈ ਗੁਜ਼ਰੇ, ਲਿਆ ਕਿਸੇ ਨੇ ਕੰਢ ਬੁਖ਼ਾਰ ਨਾਹੀਂ।
ਪ੍ਰੇਮ ਨਸ਼ੇ ਦੀ ਜਿਨ੍ਹਾਂ ਦੇ ਝੋਕ ਦਿਲ ਨੂੰ, ਇਹ ਟੁੱਟਨਾਂ ਜੋਸ਼ ਖ਼ੁਮਾਰ[29] ਨਾਹੀਂ।
ਤਲਬ ਜਿਸ ਨੂੰ ਬਾਝ ਦੀਦਾਰ ਨਾਹੀਂ ਓ ਮੈਂ ਹਾਂ ਮੇਰਾ ਦਿਲਦਾਰ ਨਾਹੀਂ।
ਦਿਲਦਾਰ ਨੂੰ ਨਾਹੀਂ ਪਰਵਾਹ ਸਾਡੀ, ਸਾਡੀ ਦੀਦ ਦਾ ਉਹ ਤਲਬਗਾਰ[30] ਨਾਹੀਂ।
ਅਸੀਂ ਬਾਝ ਦੀਦਾਰ ਬੇ ਆਬ ਮਾਹੀ ਤਪਨੇ ਤੜਫ਼ਨੇ ਬਾਝ ਰੋਜ਼ਗਾਰ ਨਾਹੀਂ।
ਸਾਨੂੰ ਜ਼ਖ਼ਮ ਵਿਛੋੜਿਆਂ ਤੇਰਿਆਂ ਦੇ ਦੇਂਦੇ ਘੜੀ ਆਰਾਮ ਕਰਾਰ ਨਾਹੀਂ।
ਤੇਜ਼ ਜ਼ਖ਼ਮ ਫ਼ਿਰਾਕ[31] ਦੇ ਬੈਲੀਆ ਓਏ ਐਸੀ ਤੇਜ਼ ਤਲਵਾਰ ਦੀ ਧਾਰ ਨਾਹੀਂ।
ਨਾ ਤੂੰ ਲਾਈਆਂ ਲਾ ਨਾ ਜਾਤੀਆਂ ਓ ਸਾਨੂੰ ਲੱਗੀਆਂ ਤੇ ਤੈਨੂੰ ਸਾਰ ਨਾਹੀਂ।
ਤੇਰਾ ਸੱਚ ਦਾ ਕੌਲ ਇਕਰਾਰ ਨਾਹੀਂ ਯਾਰੀ ਲਾਵਣੀ ਜਾਨ ਸ਼ਿਕਾਰ ਨਾਹੀਂ।
ਜਿਸ ਨਾਰ ਦਾ ਕੰਤ ਜ਼ਿੰਮੇਦਾਰ ਨਾਹੀਂ ਇਹ ਕੰਤ ਨਾਹੀਂ ਤੇ ਉਹ ਨਾਰ ਨਾਹੀਂ।
ਜਿਹੜਾ ਯਾਰ ਦਾ ਯਾਰ ਗ਼ਮਖ਼੍ਵਾਰ ਨਾਹੀਂ ਜੱਗ ਪੁੱਛ ਦੇਖੋ ਇਹ ਕੁਝ ਯਾਰ ਨਾਹੀਂ।
ਜੇ ਤੂੰ ਚਾਰ ਦਿਨ ਮਾਲਵਾ ਛੱਡ ਆਵੇਂ ਤੇਰੀ ਜਾਵਨੀ ਖੁੱਸ ਪਟਵਾਰ ਨਾਹੀਂ।
ਨੌਕਰ ਦੱਸ ਤੂੰ ਕਿਸ ਸਰਕਾਰ ਦਾ ਏਂ ਪਰੇ ਸੱਜਦੋਂ ਹੋਰ ਸਰਦਾਰ ਨਾਹੀਂ।
ਸਾਨੂੰ ਵਿਚ ਫ਼ਿਰਾਕ ਦੇ ਮਾਰ ਨਾਹੀਂ ਕੀਤੇ ਕੌਲ ਇਕਰਾਰ ਥੀਂ ਹਾਰ ਨਾਹੀਂ।
ਸਾਡੇ ਦਰਦ ਦੀ ਸੁਣੇ ਪੁਕਾਰ ਨਾਹੀਂ ਪੁਕਾਰ ਹੈ ਅੰਤ ਕਟਾਰ ਨਾਹੀਂ।
ਜੇ ਤੂੰ ਸੱਚ ਪੁੱਛੇ ਕਲਮ ਹੱਥ ਸਾਡੇ ਕਲਮ ਜਿਹੀ ਵੀ ਹੋਰ ਤਲਵਾਰ ਨਾਹੀਂ।

29. ਨਸ਼ਾ, 30. ਚਾਹੁੰਣ ਵਾਲਾ, 31 ਜੁਦਾਈ।

ਘਾਇਲ ਕਰਾਂਗੇ ਕਲਮ ਦਿਆਂ ਨਾਲ ਜ਼ਖ਼ਮਾਂ ਖ਼ਾਲੀ ਜਾਂਵਦਾ ਕਲਮ ਦਾ ਵਾਰ ਨਾਹੀਂ।
ਵਗੀ ਕਲਮ ਦੇ ਜ਼ਖ਼ਮ ਨਾ ਕਦੀ ਮਿਟਦੇ ਬੜਾ ਕਲਮ ਥੀਂ ਹੋਰ ਹਥਿਆਰ ਨਾਹੀਂ।
ਕਲਮ ਦਿਲਾਂ ਨੂੰ ਕਲਮ ਕਰ ਸੁੱਟਦੀ ਏ ਕਲਮ ਜੇਡ ਕੋਈ ਬੜੀ ਪੈਕਾਰ[32] ਨਾਹੀਂ।
ਦਫ਼ਤਰ ਰਾਜ਼ ਜਹਾਂ ਦੇ ਕਲਮ ਲਿਖਦੀ ਕਿਹੜਾ ਸ਼ਾਹ ਇਸ ਦਾ ਖ਼ਿਦਮਤਗਾਰ ਨਾਹੀਂ।
ਵਿਚ ਮੁਲਕ ਹਕੂਮਤਾਂ ਕਲਮ ਕਰਦੀ ਖਾਂਦੀ ਵਿਚ ਜੰਗਾਂ ਦੇ ਹਾਰ ਨਾਹੀਂ।
ਮੁਸ਼ਕੀ[33], ਜੁਅਦ[34], ਗੁਲਰੰਗ[35], ਦਿਲਦੋਜ਼[36], ਜ਼ੇਬਾ[37] ਕਲਮ ਜੇਡ ਸਰਮਸਤ ਨਿਗਾਰ ਨਾਹੀਂ।
ਖ਼ੁਸ਼ੀ ਐਸ਼ ਦਾ ਗਰਮ ਬਾਜ਼ਾਰ ਨਾਹੀਂ ਜਿਸ ਬਜ਼ਮ ਵਿਚ ਕਲਮ ਸਰਦਾਰ ਨਾਹੀਂ।
ਪਰੇ ਕਲਮ ਥੀਂ ਐਸ਼ ਬਹਾਰ ਨਾਹੀਂ ਜੋਸ਼ ਕਲਮ ਜਹਿਆ ਲਾਲਾ ਜ਼ਾਰ ਨਾਹੀਂ।
ਵਹਿੰਦਾ ਆਬ-ਏ-ਹਯਾਤ ਸਿਰ ਕਲਮ ਦੇ ਥੀਂ ਜਿਹੀਆਂ ਵਹਿਨ ਨਦੀਆਂ ਕੋਹਸਾਰ ਨਾਹੀਂ।
ਜਫ਼-ਉਲ-ਕਲਮ[38] ਦਾ ਜਦੋਂ ਤੇ ਰਾਜ਼ ਖੁੱਲਾ ਕਲਮੋਂ ਬੜੀ ਕੋ ਹੋਰ ਪੁਕਾਰ ਨਾਹੀਂ।
ਕਲਮ ਧੁਰੋਂ ਤੇ ਨੂਰ ਅਨਵਾਰ ਆਹੀ ਨੂਰ ਨੂਰ ਹੈ ਸ਼ਰਹ ਮੀਨਾਰ ਨਾਹੀਂ।
ਏਥੇ ਸ਼ਰਹ ਮੀਨਾਰ ਤੇ ਹਸਰ ਕਹਿਆ ਕਿਸ ਰਾਜ਼ ਦੀ ਕਲਮ ਪੁਰਕਾਰ[39] ਨਾਹੀਂ।
ਜੋਸ ਦਿਲਾਂ ਦੇ ਕਲਮ ਉਘਾੜਦੀ ਏ ਵੱਧ ਕਲਮ ਥੀਂ ਹੋਰ ਸਚਿਆਰ ਨਾਹੀਂ।
ਨਖ਼ਰੇਬਾਜ਼ ਲੁਡੱਕੜੀ[40] ਨਾਜ਼ ਭਿੰਨੀ ਕਲਮ ਜੇਹੀ, ਮਹਿਬੂਬ ਮੁਟਿਆਰ ਨਾਹੀਂ।
ਸ਼ੀਰੀਂ ਸੁਖ਼ਨ ਨਬਾਤ ਲਬ ਕਲਮ ਜੇਹੀ ਕੋਈ ਲਾਡਲੀ ਸ਼ਹਿਦ ਰੁਖ਼ਸਾਰ ਨਾਹੀਂ।
ਕੋਕਬਰੇਜ਼[41] ਮਹਿਤਾਬ ਤੇ ਸ਼ਮਸ[42] ਤਲਅਤ[43] ਕਲਮ ਜੇਡ ਕੋਈ ਜ਼ਰਕਾਰ[44] ਨਾਹੀਂ।
ਖਰੇ ਖੋਟ ਜ਼ਰ ਕਲਬ[45] ਦੇ ਪਰਖਨੇ ਨੂੰ ਬਾਝੋਂ ਕਲਮ ਕੋਈ ਹੋਰ ਮਿਆਰ ਨਾਹੀਂ।
ਫ਼ੈਜ਼[46] ਕਲਮ ਦੇ ਥੀਂ ਚਾਰ ਕੋਟ ਅੰਦਰ ਬੇ ਪਰਵਾਹ ਸ.ਗਾਰ ਕਬਾਰ ਨਾਹੀਂ।
ਵਿਚ ਕਾਰਖ਼ਾਨੇ ਦੁਨੀਆਂ ਦੇਣ ਵਾਲੇ ਬਾਝੋਂ ਕਲਮ ਸਾਹਿਬ-ਏ-ਇਫ਼ਤਖ਼ਾਰ ਨਾਹੀਂ।
ਮੈਦਾਨ ਬਿਆਨ ਦਾ ਉਲਟ ਵੱਗਿਆ ਅਜੇ ਚਸ਼ਮ ਸਾਡੀ ਬੇਦਾਰ ਨਾਹੀਂ।
ਟੁਰਿਆ ਮਾਲਵੇ ਵੱਲ ਜਾ ਸਿੰਧ ਵੜਿਆਂ ਮਿਲਣੀ ਕੂੰਜ ਵਿਛੁੰਨੜੀ ਡਾਰ ਨਾਹੀਂ।
ਗ਼ਾਲਿਫ ਯਾਰ ਥੀਂ ਪਲਕ ਹੁਸ਼ਿਆਰ ਨਾਹੀਂ ਢੋਈ ਓਸਨੂੰ ਵਿਚ ਦਰਬਾਰ ਨਾਹੀਂ।
ਸਾਡੀਆਂ ਗ਼ਫ਼ਲਤਾਂ ਬੇੜੀਆਂ ਰੋਹੜੀਆਂ ਨੇ ਫ਼ਜ਼ਲੋਂ ਰੱਖ ਲੈ ਡੋਬ ਵਿਚਕਾਰ ਨਾਹੀਂ।
ਮੇਰੀਆਂ ਕੀਤੀਆਂ ਵੱਲ ਨਾ ਜਾ ਸਾਈਆਂ ਮੇਰੇ ਵਾਂਗ ਕੋਈ ਗੁਨਹਗਾਰ ਨਾਹੀਂ।
ਕਰ ਫ਼ਜ਼ਲ ਤੂੰ ਫ਼ਜ਼ਲ ਹੈ ਕਾਰ ਤੇਰਾ ਤੇਰੇ ਫ਼ਜ਼ਲ ਦੇ ਬਾਝੋਂ ਬੇੜਾ ਪਾਰ ਨਾਹੀਂ।
ਤੇਰਾ ਨਾਮ ਗ਼ਫ਼ੂਰ ਰਹੀਮ[47] ਸਾਈਆਂ ਤੇਰੇ ਫ਼ਜ਼ਲ ਦੇ ਵਾਝ ਛੁਟਕਾਰ ਨਾਹੀਂ।
ਤੇਰੀ ਹੂਰ ਮੁੜ ਗ਼ੈਰ ਦੇ ਵੱਲ ਤੱਕੇ ਇਸ ਥੀਂ ਹੋਰ ਫਿਰ ਵੱਧ ਖ਼੍ਵਾਰ ਨਾਹੀਂ।
ਸੱਚੇ ਯਾਰ ਦਾ ਯਾਰ ਅਗ਼ਿਆਰ[48] ਨਾਹੀਂ ਜਿਵੇਂ ਐਨ ਦਾ ਗ਼ੈਨ ਉਤਾਰ ਨਾਹੀਂ।
ਸੱਚੀ ਪ੍ਰੀਤ ਦਾ ਪਾਲਣਾ ਬਹੁਤ ਮੁਸ਼ਕਲ ਮੁਸਤਹਿਕ ਇਸ ਦਾ ਮੱਕਾਰ ਨਾਹੀਂ।
ਦੀਦ ਬਾਜ਼ ਚਾਹੇ ਜਾਨ ਬਾਜ਼ ਹੋਵੇ ਕੱਚੇ ਯਾਰ ਜਿਹਾ ਖੋਟਾ ਯਾਰ ਨਾਹੀਂ।
ਕੱਚੇ ਯਾਰ ਨੂੰ ਯਾਰ ਨਾ ਜਾਨਣੇ ਹਾਂ ਸਿਰ ਓਸ ਦੇ ਸਿਦਕ ਦਸਤਾਰ ਨਾਹੀਂ।
ਕੱਚੇ ਯਾਰ ਦੀ ਗ਼ੈਰ ਵੱਲ ਨਜ਼ਰ ਜਾਂਦੀ ਘਰ ਯਾਰ ਦੇ ਕਦੀ ਅਗ਼ਿਆਰ ਨਾਹੀਂ।
ਦੇਖੋ ਕੱਚ ਨੂੰ ਰੰਗਤਾਂ ਚੜ੍ਹਦੀਆਂ ਨੇ ਕਦੀ ਸੱਚ ਨੂੰ ਰੰਗ ਦੀ ਖਾਰ ਨਾਹੀਂ।
ਵਿਚ ਰੰਗਤਾਂ ਵਹਿਮ ਦੀਆਂ ਗਰਦਿਸ਼ਾਂ ਥੀਂ ਰੰਗ ਭੰਨੀਆਂ ਕਦੀ ਫਟਕਾਰ ਨਾਹੀਂ।
ਸਾਡੇ ਜਹਿਲ[49] ਨੇ ਸਭ ਵਿਗਾੜ ਪਾਏ ਕਦੀ ਛੱਡਿਆ ਕੁੱਝ ਸਵਾਰ ਨਾਹੀਂ।

---

32. ਜੰਗ, ਲੜਾਈ 33. ਖ਼ੁਸ਼ਬੂਦਾਰ 34. ਵਾਲਾਂ ਦੀ ਲਟ 35. ਸੁਰਖ਼ 36. ਦਿਲ ਤੇ ਅਸਰ ਕਰਨ ਵਾਲਾ 37. ਸੁੰਦਰ, 38. ਜੋ ਕੁਝ ਹੋਣ ਵਾਲਾ ਹੈ ਉਹ ਕਲਮ ਨੇ ਲਿਖ ਦਿੱਤਾ ਹੈ 39. ਹੁਸ਼ਿਆਰ 40. ਪਿਆਰੀ, ਨਾਜ਼ ਵਾਲੀ 41. ਤਾਰਿਆਂ ਨੂੰ ਬਖੇਰਨ ਵਾਲਾ 42. ਸੂਰਜ 43. ਦੀਦਾਰ 44. ਸੁਨਿਹਰੀ ਝਾਲ 45. ਖੋਟਾ ਸਿੱਕਾ 46. ਲਾਭ ਜਾਂ ਫ਼ਾਇਦਾ 47. ਰਹਿਮ ਕਰਨ ਵਾਲਾ, 48. ਗ਼ੈਰ ਦਾ ਬਹੁਵਚਨ, 49. ਜਹਾਲਤ।

ਜਾਹਿਲ ਆਪ ਨੂੰ ਸੱਟ ਜੋ ਮਾਰਦਾ ਹੈ ਕਦੀ ਕੋਈ ਦੁਸ਼ਮਣ ਸਕਦਾ ਮਾਰ ਨਾਹੀਂ।
ਮੀਆਂ ਸੱਜਦਾ ਮਾਲਵੇ ਵਸਦਿਆ ਓ ਲਾਈ ਤੋੜਨੀ ਮਰਦ ਦੀ ਕਾਰ ਨਾਹੀਂ।
ਝੱਬ ਆ ਮਿਲ ਮਿਲਣ ਦੀ ਚਾਹ ਸਾਨੂੰ ਤੈਂ ਬਿਨ ਜ਼ਿੰਦਗਾਨੀ ਮਜ਼ੇਦਾਰ ਨਾਹੀਂ।
ਜੇ ਤੂੰ ਅੰਨ ਵਿਚ ਮਾਲਵੇ ਖਾਉਣਾ ਏਂ ਮਰਦੀ ਭੁੱਖ ਥੀਂ ਇਹ ਦਯੱਾਰ ਨਾਹੀਂ।
ਸਾਡਾ ਬੇਟ ਤਨ ਪੇਟ ਹੈ ਨੇਅਮਤਾਂ ਦਾ ਤੇਰੇ ਮਾਲਵੇ ਕਣਕ ਜਵਾਰ ਨਾਹੀਂ।
ਤੇਰਾ ਮਾਲਵਾ ਰੰਗ ਤਲਵੀਨ[50] ਦਾ ਹੈ ਖ਼ਸ਼ਕ ਵਸਦਾ ਵਿਚ ਅਨਹਾਰ ਨਾਹੀਂ।
ਸਾਡੇ ਬੇਟ ਨੂੰ ਜਾਣ ਨਮਕੀਨ ਮੀਆਂ ਐਸਾ ਬੁਲਬਲਾਂ ਨੂੰ ਗੁਲਜ਼ਾਰ ਨਾਹੀਂ।
ਵੇ ਤੂੰ ਆਂਵਦਾ ਕਿਉਂ ਨਹੀਂ ਮਿਲਣ ਸਾਨੂੰ ਪੱਇਆਂ ਉਲਫ਼ਤਾਂ ਮਨੋਂ ਵਿਸਾਰ ਨਾਹੀਂ।
ਵਫ਼ਾਦਾਰ ਵਿਸਾਰਦੇ ਯਾਰ ਨਾਹੀਂ ਵਫ਼ਾਦਾਰ ਹੋ ਬਣੀਂ ਗ਼ੱਦਾਰ ਨਾਹੀਂ।
ਸ਼ਾਇਦ ਖ਼ਸਲਤਾਂ ਤੇਰੀਆਂ ਹੋਰ ਹੋਈਆਂ ਰਿਹਾ ਅਸਾਂ ਦੇ ਨਾਲ ਪਿਆਰ ਨਾਹੀਂ।
ਯਾ ਤੇ ਘਰੋਂ ਤੈਨੂੰ ਇਜ਼ਨ ਨਹੀਂ ਮਿਲਦਾ ਦੇਂਦੀ ਛੁੱਟੀਆਂ ਅਜੇ ਸਰਕਾਰ ਨਾਹੀਂ।
ਤੇਰਾ ਸਫ਼ਰ ਦਾ ਸਾਜ਼ ਤਿਆਰ ਨਾਹੀਂ ਸਾਡੇ ਦਰਦ ਦਾ ਅੰਤ ਸ਼ੁਮਾਰ ਨਾਹੀਂ।
ਜੇ ਤੈਂ ਦਰਦ ਦੀ ਅਸਰ ਦੀ ਖ਼ਾਰ ਨਾਹੀਂ ਖ਼ਤ ਲਿਖਦਿਆਂ ਵੀ ਸਾਨੂੰ ਭਾਰ ਨਾਹੀਂ।
ਅਸਾਂ ਆਪ ਲਿਖਣਾ ਸਾਨੂੰ ਭਾਰ ਕਿਹਾ ਹੋਣਾ ਮੁਨਸ਼ੀਆਂ ਦਾ ਮਿੰਨਤਦਾਰ ਨਾਹੀਂ।
ਅਸੀਂ ਲਿੱਖਾਂਗੇ ਜਦੋਂ ਤੱਕ ਨਾ ਆਵੇਂ ਘਾਟਾ ਕਾਗ਼ਜ਼ਾਂ ਵਿਚ ਬਾਜ਼ਾਰ ਨਾਹੀਂ।
ਸਾਡੇ ਦੇਸ਼ ਵਿਚ ਕਮੀ ਨਾ ਕਾਨਿਆਂ ਦੀ ਕਲਮਾਂ ਘੜਨ ਥੀਂ ਹੱਥ ਬੇਜ਼ਾਰ ਨਾਹੀਂ।
ਰੰਗਾ ਰੰਗ ਦਵਾਤਾਂ ਦੇ ਰੰਗ ਸਾਡੇ ਕਿਹੜਾ ਸਾਜ਼ ਜੋ ਅੱਜ ਤਿਆਰ ਨਾਹੀਂ।
ਹਰ ਰੰਗ ਵਿਚ ਰੰਗਤਾਂ ਰੰਗਦੇ ਹਾਂ ਸਾਡੇ ਰੰਗ ਤੋਂ ਕਦੀ ਜ਼ੰਗਾਰ ਨਾਹੀਂ।
ਕਦੋਂ ਸ਼ਿਅਰ ਦਾ ਕਾਫ਼ੀਆ ਤੰਗ ਸਾਡਾ ਕਦੇ ਬਿਗੜਦਾ ਵਜ਼ਨ ਮਿਕਦਾਰ ਨਾਹੀਂ।
ਤਕਤੀਅ[51] ਦੇ ਵਿਚ ਮੀਜ਼ਾਨ[52] ਤੁਲਦਾ ਮਤਲਾ[53] ਹਸ਼ਵ[54] ਉਰੂਜ਼[55] ਕਜਦਾਰ ਨਾਹੀਂ।
ਵਿਚ ਇਕਤ ਮਾਅਨੇ ਵਾਹਿਦ ਕਾਫ਼ੀਏ ਦੇ ਸੋਚ ਦੇਖ ਲੈ ਪਿਆ ਤਕਰਾਰ ਨਾਹੀਂ।
ਇਹ ਸ਼ਿਅਰ ਸ਼ਅਊਰ ਥੀਂ ਦੂਰ ਭਾਵੇਂ ਇਹ ਪੁਰ ਸਹਿਰ[56] ਹੈ ਹਰਫ਼ ਅਸ਼ਆਰ[57] ਨਹੀਂ।
ਨੋਕ ਕਲਮ ਦੀ ਛਾਣਦੀ ਮੋਤੀਆਂ ਨੂੰ ਐਸਾ ਅਬਰ-ਏ-ਨੀਸਾਂ ਗੌਹਰਬਾਰ ਨਾਹੀਂ।
ਗੌਹਰ ਰੇਜ਼ ਦੋ ਨੈਣ ਜਿਉਂ ਆਸ਼ਿਕਾਂ ਦੇ ਰੱਖਦੇ ਸਬਰ ਦਾ ਕਦੀ ਸ਼ਿਆਰ ਨਾਹੀਂ।
ਏਵੇਂ ਕਲਮ ਪਰੋਂਦੀ ਕਦੋਂ ਸਾਡੀ ਲੜੀ ਮੋਤੀਆਂ ਦੀ ਤਾਰ-ਓ-ਤਾਰ ਨਾਹੀਂ।
ਇਹਨਾਂ ਮੋਤੀਆਂ ਦੀ ਕਦਰ ਸੋਈ ਜਾਣੇ ਜਿਸ ਦਾ ਖ਼ੁਦੀ ਤੇ ਦਾਰ-ਓ-ਮਦਾਰ ਨਾਹੀਂ।
ਜਿਹੜਾ ਆਪ ਦੇਖੇ ਨਾਲੇ ਯਾਰ ਤੱਕੇ ਉਹ ਖ਼ੁਦੀ ਦੇ ਬਾਝ ਹਿਸਾਰ ਨਾਹੀਂ।
ਰਮਜ਼ਾਂ ਵਗਦੀਆਂ ਦੇਖ ਕਿਸ ਕਾਰਨੇ ਤੇ ਕਾਰੇ ਹਾਰਿਆ ਗ਼ੈਰ ਚਿਤਾਰ ਨਾਹੀਂ।
ਮੁੜ ਚਿੱਠੀਆਂ ਲਿਖਣੀਆਂ ਫੇਰ ਕਿਸ ਨੇ ਗੌਹਰ ਹੋਵਣੇ ਨਿਤ ਨਿਸਾਰ ਨਾਹੀਂ।
ਤੇਰੇ ਸੇਰ ਦਾ ਵਕਤ ਪਿਆਰਿਆ ਓ ਮੁੜ ਹੋਵਣਾਂ ਫੇਰ ਸਿਆਰ ਨਾਹੀਂ।
ਹੋ ਜਿਬਹ ਕੁਰਬਾਨੀ ਦਿਆ ਮੀਂਢਿਆ ਓ ਏਥੋਂ ਦੌੜ ਕੇ ਜਾ ਮੁਰਦਾਰ ਨਾਹੀਂ।
ਰਲ ਡਾਰ ਵਿਚ ਕਦੇ ਮੁਕੱਲਦਾ[58] ਓਏ ਜਾਈਂ ਖ਼ੁਦੀ ਤੇ ਮੁਫ਼ਤ ਸਰਵਾਰ ਨਾਹੀਂ।
ਛੱਡ ਮਾਲਵਾ ਚਾਰ ਦਿਨ ਸੈਰ ਕਰ ਲੈ ਮੁੜ ਲੱਭਣੀ ਇਹ ਬਹਾਰ ਨਾਹੀਂ।
ਝੂਲੇ ਖ਼ਿਜ਼ਾਂ[59] ਦੇ ਝੂਲਣੇ ਅੰਤ ਇਕ ਦਿਨ ਮੁੜ ਖਿਲਣੀ ਇਹ ਗੁਲਜ਼ਾਰ ਨਾਹੀਂ।

50. ਰੰਗ ਚੜ੍ਹਨਾ, ਗਿਆਨ 51. ਮਿਸਰੇ ਦੇ ਟੁਕੜੇ ਕਰਨਾ 52. ਸ਼ਿਅਰ ਨੂੰ ਬਹਿਰ ਅਨੁਸਾਰ ਤੋਲਨਾ 53. ਗ਼ਜ਼ਲ ਦਾ ਪਹਿਲਾ ਸ਼ਿਅਰ 54. ਸ਼ਿਅਰ ਦੇ ਪਹਿਲੇ ਮਿਸਰੇ ਦੇ ਪਹਿਲੇ ਰੁਕਨ ਨੂੰ ਮੁਖੀ ਜਾਂ ਸਦਰ ਅਤੇ ਆਖ਼ਰੀ ਹੁਕਮ ਨੂੰ ਉਰੂਜ਼ ਕਹਿੰਦੇ ਹਨ ਅਤੇ ਦੂਜੇ ਮਿਸਰੇ ਦੇ ਪਹਿਲੇ ਰੁਕਨ ਨੂੰ ਇਬਤਦਾ, ਸ਼ੁਰੂਆਤ ਅਤੇ ਆਖ਼ਰੀ ਰੁਕਨ ਨੂੰ ਜ਼ਰਬ ਜਾਂ ਇਜਜ਼ ਕਹਿੰਦੇ ਹਨ ਅਤੇ ਬਾਕੀ ਵਿਚਕਾਰਲੇ ਭਾਗ ਨੂੰ ਹਸ਼ਵ ਕਹਿੰਦੇ ਹਨ। 55. ਛੰਦ, ਕਵਿਤਾ ਦੇ ਨਿਯਮ, 56. ਜਾਦੂ ਭਰਿਆ, 57. ਸ਼ਿਅਰ ਦਾ ਬਹੁਵਚਨ, 58. ਮੰਨਣ ਵਾਲਾ, ਸ਼ਰਧਾਲੂ, 59. ਪੱਤਝੜ।

ਏਥੇ ਫੇਰ ਕਦ ਆਵਣਾ ਸੱਜਣਾ ਓਏ ਲਦ ਗਏ ਮੁੜ ਮਿਲਣ ਵੰਜਾਰ ਨਾਹੀਂ।
ਰੀਸ ਅੰਬ ਦੀ ਕਰੇ ਤਰਬੂਜ਼ ਕਿਉਂਕਰ ਕਾਇਮ ਰਹੇਗਾ ਇਹ ਅਚਾਰ ਨਾਹੀਂ।
ਬੇ-ਦਰਦ ਨੂੰ ਦਰਦ ਸੁਨਾਵਣੇ ਕੀ ਘਟਣੇ ਅਸਾਂ ਦੇ ਦਰਦ ਅੰਬਾਰ ਨਾਹੀਂ।
ਜਿਹਾ ਦਰਦ ਦੁਖਾਂ ਸਾਨੂੰ ਘੇਰਿਆ ਏ ਐਸਾ ਚੰਦ ਨੂੰ ਕਦੀ ਪਰਵਾਹ ਨਾਹੀਂ।
ਯਾਰ ਸੁਣੇ ਨਾ ਸੁਣੇ ਸੁਣਾਵਣੇ ਹਾਂ ਹਟਨੀ ਹਿਜਰ ਦੀ ਇਹ ਬੇਗਾਰ ਨਾਹੀਂ।
ਖ਼ਤ ਲਿਖਦਿਆਂ ਦੇ ਦਫ਼ਤਰ ਹੋਏ ਕਾਲੇ ਲੈਣੀ ਸਾੜ ਕੇ ਕਿਸੇ ਨਸਵਾਰ ਨਾਹੀਂ।
ਅਸੀਂ ਭੇਦ ਸਾਰੇ ਖੋਲ ਦੱਸਣੇ ਹਾਂ ਜਦੋਂ ਸਕਦੇ ਦਰਦ ਸਹਾਰ ਨਾਹੀਂ।
ਯਾਰ ਨਹੀਂ ਉਘਾੜਦਾ ਰਾਜ਼ ਦਿਲ ਦੇ ਅਸਾਂ ਵਾਂਗ ਉਹ ਨਿਰਾ ਗਵਾਰ ਨਾਹੀਂ।
ਉਮਰਾਂ ਬੀਤੀਆਂ ਜਾਂਦੀਆਂ ਵਿਚ ਦਰਦਾਂ ਦਿਲਦਾਰ ਸਾਡਾ ਮਿਲਣਸਾਰ ਨਾਹੀਂ।
ਤੇਰੀਆਂ ਮੰਨੀਆਂ ਅਸਾਂ ਕਰਾਮਤਾਂ ਓ ਪੱਥਰ ਡੋਬ ਕੇ ਤੂੜੀਆਂ ਤਾਰ ਨਾਹੀਂ।
ਸਾਡੀਆਂ ਲਾਈਆਂ ਅਸਾਂ ਵੱਲ ਲਾਵਣਾ ਈਂ ਸਾਨੂੰ ਲਾਵਣੇ ਥੀਂ ਇਨਕਾਰ ਨਾਹੀਂ।
ਮੱਥੇ ਚੱਮ ਚਮਾਰਾਂ ਦੇ ਮਾਰਦਾ ਹੈਂ ਹੁਣ ਸਾਂਭਦੇ ਚਮ ਚਮਾਰ ਨਾਹੀਂ।
ਬਾਹੋਂ ਪਕੜ ਕੇ ਫੇਰ ਜਵਾਬ ਦੇਵੀਂ ਹੋਇਆ ਕੂੜ ਦਾ ਵੰਜ ਬਪਾਰ ਨਾਹੀਂ।
ਤੇਰੀਆਂ ਕੀਤੀਆਂ ਅਸੀਂ ਵਸਾਵਣੇ ਹਾਂ ਤੇਰੇ ਦਿਲੇ ਵਿਚ ਅਜੇ ਵਿਚਾਰ ਨਾਹੀਂ।
ਸਾਡੇ ਦਰਦ ਦੇ ਆਹ ਥੀਂ ਜਿਗਰ ਕਿਹੜਾ ਜਿਹੜਾ ਹੋਂਵਦਾ ਅੱਜ ਫ਼ਿਗਾਰ ਨਾਹੀਂ।
ਸਾਡੇ ਗੁਲ ਇਕਬਾਲ ਦਾ ਅਜੇ ਗ਼ੁੰਚਾ ਸਾਡੇ ਵੈਰੀਆਂ ਦੀ ਅੱਖੀਂ ਖ਼ਾਰ ਨਾਹੀਂ।
ਸਾਡੇ ਨਾਲ ਦੀਆਂ ਬਾਲ ਖਿਡਾਂਦੀਆਂ ਨੇ ਸਾਡੀ ਲਟਕਦੀ ਜ਼ੁਲਫ਼ ਖ਼ਮਦਾਰ[60] ਨਾਹੀਂ।
ਕਿਆ ਵੱਸ ਸਾਡੇ, ਸਾਡੇ ਲੇਖ ਐਵੇਂ, ਸਾਨੂੰ ਫਬਦੇ ਹਾਰ ਸਿੰਗਾਰ ਨਾਹੀਂ।
ਸੁੰਵੇ ਹਾਰ ਸ਼ਿੰਗਾਰ ਨੂੰ ਅੱਗ ਲੱਗੇ ਅਸਾਂ ਜੋਗਣਾ ਦਾ ਘਰ-ਬਾਰ ਨਾਹੀਂ।
ਵੇ ਮੈਂ ਨੀਂਦ ਵਗੱਤੀਆਂ ਬਾਝ ਤੇਰੇ ਗਲੇ ਲੱਗ ਅਕਲੜੀ ਠਾਰ ਨਾਹੀਂ।
ਜਿਨ੍ਹਾਂ ਦਿਲਾਂ ਨੂੰ ਨਸ਼ੇ ਦੀ ਤਾਰ ਨਾਹੀਂ ਬੇ-ਬਾਲ[61] ਹੈ ਉਹ ਪਰਵਾਰ ਨਾਹੀਂ।
ਮਿਕਦਾਰ ਕੀ ਤੜਫਨੇ ਫੜਕਨੇ ਤੇ ਕਦੀ ਹੋਂਵਦੀ ਡੱਡ ਓਡਾਰ ਨਾਹੀਂ।
ਸਾਨੂੰ ਦਰਦ ਦਿਆਂ ਨਸ਼ਕਰਾਂ ਗਰਦ ਕੀਤਾ ਉਡਦਾ ਦੇਖਿਆ ਤੁਸਾਂ ਗ਼ੁਬਾਰ ਨਾਹੀਂ।
ਜਿਵੇਂ ਕਟਕ ਫਰੰਗ ਦੇ ਮਾਰ ਧਾਵਾ ਕਾਬਲ ਛੱਡਿਆ ਸਣੇ ਕੰਧਾਰ ਨਾਹੀਂ।
ਚੜ੍ਹੀ ਫ਼ੌਜ਼ ਗ਼ਨੀਮ[62] ਫ਼ਿਰਾਕ ਦੇ ਦੀ ਜਿਹਦੇ ਜੇਡ ਕੋ ਖ਼ੂਨ ਗੁਜ਼ਾਰ ਨਾਹੀਂ।
ਦਿਲ ਦੇ ਵੱਸ ਥੀਂ ਸਬਰ ਕਰਾਰ ਬਾਗ਼ੀ ਪਾਰ ਹੋ ਗਿਆ ਰਿਹਾ ਅਰਾਰ ਨਾਹੀਂ।
ਹੁਣ ਹੁਕਮ ਰਵਾ ਵਿਚ ਦੇਸ ਦਿਲ ਦੇ ਇਹ ਬਾਝ ਫ਼ਿਰਾਕ ਮੁਖ਼ਤਾਰ ਨਾਹੀਂ।
ਤੈਨੂੰ ਹੋ ਗਿਆ ਯਾਰ ਆਰਾਮ ਸਾਰਾ ਅਸਾਂ ਜਿਹਾ ਕੋ ਅੱਜ ਬੀਮਾਰ ਨਾਹੀਂ।
ਜਿਹੜਾ ਹਿਜਰ ਦੇ ਦਰਦ ਦਾ ਦਏ ਦਾਰੂ ਸਾਡੇ ਪਿੰਡ ਵਿਚ ਕੋਈ ਅਤਾਰ ਨਾਹੀਂ।
ਅੱਜ ਅਜਲ ਦੇ ਹੱਥ ਮੁਹਾਰ ਸਾਡੀ ਜੇ ਤੂੰ ਮੋੜਨੀ ਅੱਜ ਮੁਹਾਰ ਨਾਹੀਂ।
ਦੁੱਖ ਦਰਦ ਸਾਡੇ ਗੁਜ਼ਰ ਗਏ ਹੱਦੋਂ ਦੋ ਚਾਰ ਸੌ ਲੱਖ ਹਜ਼ਾਰ ਨਾਹੀਂ।
ਓਹਦੇ ਦਰਦ ਦਾ ਅੰਤ ਸ਼ੁਮਾਰ ਕਿਹਾ ਜਿਹਦੇ ਹੱਥ ਵਿਚ ਯਾਰ ਗ਼ਮਖ਼੍ਵਾਰ ਨਾਹੀਂ।
ਦਰਦਮੰਦਾਂ ਦੇ ਦਰਦ ਬੇਦਰਦ ਅੱਗੇ ਬਾਝੋਂ ਝੂਠ ਦੇ ਲਾਫ਼ ਸ਼ੁਮਾਰ ਨਾਹੀਂ।
ਚਾਨਣ ਭਰੀ ਤਕੱਲਫ਼ੋਂ ਗੱਲ ਸਾਡੀ ਘੋੜੇ ਇਸ਼ਕ ਜੋ ਹੋਏ ਸਵਾਰ ਨਾਹੀਂ।
ਸ਼ਾਇਦ ਮਸ਼ਰਿਕੋਂ ਅੱਜ ਕਲ ਤੁਸੀਂ ਚੜ੍ਹਦਾ ਤਕਦੇ ਹੋਵਸੋ ਕੁਝ ਅਸਰਾਰ ਨਾਹੀਂ।
ਦੁਮਦਾਰ ਤਾਰਾ ਚੜ੍ਹਿਆ ਮਾਲਵੇ ਤੇ ਆਤਿਸ਼ਬਾਜ਼ ਦਾ ਇਹ ਅਨਾਰ ਨਾਹੀਂ।
ਲਾਂਬੋ ਬਾਲ ਫ਼ਿਰਾਕ ਦੇ ਖੜਾ ਹੋਇਆ ਸਾਡਾ ਲੇਖ ਦੇਖੋ ਸਾਜ਼ਗਾਰ ਨਾਹੀਂ।
ਤੇਰੇ ਦੇਸ ਉੱਤੇ ਘਟਾ ਛਾ ਰਹੀਆਂ ਬਾਝੋਂ ਆਹ ਵਾਲੀ ਧੂੰਦੋ ਕਾਰ ਨਾਹੀਂ।

60. ਕੁੰਡਲਦਾਰ, ਘੁੰਗਰਾਲੇ 61. ਬੇ-ਔਲਾਦ 62. ਗ਼ਮ।

ਦਿਲ ਵਿਚ ਜਾਨੀਆਂ ਹੋਵਸੀ ਯਾਰ ਸਾਡੇ ਅਜੇ ਨੈਣ ਰੋਦੇਂ ਜ਼ਾਰ-ਓ-ਜ਼ਾਰ ਨਾਹੀਂ।
ਸਾਡੀਆਂ ਰੋਜ਼ ਮੀਸਾਕ[63] ਦੀਆਂ ਲੱਗੀਆਂ ਦਾ ਲਾਵਣਹਾਰ ਬਾਝੋਂ ਜਾਨਣਹਾਰ ਨਾਹੀਂ।
ਕੋਟ ਸਬਰ ਦੇ ਇਸ਼ਕ ਵੀਰਾਨ ਕੀਤੇ ਨਜ਼ਰ ਆਉਂਦਾ ਅੱਜ ਮੈਅਮਾਰ ਨਾਹੀਂ।
ਜਿਹੜਾ ਮੋੜ ਖ਼ੋਰਨਕਾਂ ਕਰੇ ਕਾਇਮ ਨੇੜੇ ਵਸੱਦਾ ਉਹ ਸਮਨਾਰ ਨਾਹੀਂ।
ਸਾਨੂੰ ਆਸਰਾ ਨਹੀਂ ਮਹਿਬੂਬ ਬਾਝੋਂ ਸਾਡਾ ਹੋਰ ਥੀਂ ਕੁਝ ਸਰੋਕਾਰ ਨਾਹੀਂ।
ਦਮ ਦਮ ਫ਼ਜ਼ਲ ਦੀ ਆਸ ਨਿਰਾਸਿਆਂ ਨੂੰ ਯਾਰ ਸਿਰਫ਼ ਜੱਬਾਰ ਕੱਹਾਰ[64] ਨਾਹੀਂ।
ਕਜ ਫ਼ਹਿਮ ਕਲਾਮ ਦੇ ਸਿਲਸਲੇ ਨੂੰ ਦੇਖ ਕਹਿਣਗੇ ਇਹ ਹੰਵਾਰ ਨਾਹੀਂ।
ਹੰਵਾਰ ਕਲਾਮ ਦਾ ਸਿਲਸਲਾ ਹੈ ਕੀਤਾ ਇਸ਼ਕ ਨੇ ਕੂੜ ਇਜ਼ਹਾਰ ਨਾਹੀਂ।
ਇਜ਼ਹਾਰ ਜੇ ਇਸ਼ਕ ਦਾ ਕੂੜ ਹੁੰਦਾ ਮਿਲਦਾ ਇਸ਼ਕ ਨੂੰ ਐਡ ਇਸ਼ਤਿਹਾਰ ਨਾਹੀਂ।
ਬੇਦਰਦ ਖ਼ੁਦ ਰਾਜ਼ ਨਾ ਪਾਂਵਦਾ ਹੈ ਬੇ-ਦਰਦ ਥੀ ਹੋਰ ਬਰਿਆਰ ਨਾਹੀਂ।
ਬੇ-ਮਜ਼ਾ ਤੁਆਮ ਬੇਦਰਦ ਦਾ ਹੈ ਇਹਦੀ ਦਾਲ ਵਿਚ ਮਿਰਚ ਵਸਾਰ ਨਾਹੀਂ।
ਏਦੇ ਸਰਦ ਤਨੂਰ ਦੀਆਂ ਕੱਚੀਆਂ ਨੇ ਉਹਦਾ ਪੱਕ ਉੱਤੇ ਇਖ਼ਤਿਆਰ ਨਾਹੀਂ।
ਤਾਓ ਦੇਖ ਤੰਨੂਰ ਤਨ ਆਪਣੇ ਦਾ ਇਹ ਫੇਰ ਮੁੜ ਲੱਭਣਾ ਵਾਰ ਨਾਹੀਂ।
ਚਾੜ੍ਹ ਚਕਮਕਾਂ ਅੱਗ ਸੁਲਗਾ ਅੰਦਰ ਤੇਰੇ ਰਹਿਣਗੇ ਕਿਬਰ ਹੰਕਾਰ ਨਾਹੀਂ।
ਜਦੋਂ ਵਗੇ ਤਨ ਚਰਖ਼ ਲਤਾਇਫ਼ਾਂ ਦਾ ਮੌਜ ਘਟੇਗੀ ਐਸ ਮੰਜਧਾਰ ਨਾਹੀਂ।
ਤੈਨੂੰ ਵਹਿਮ ਅਫ਼ਲਾਸ[65] ਦੇ ਚੂਰ ਕੀਤਾ ਬੇਖ਼ਬਰ ਹੈ ਤੂੰ ਨਾਦਾਰ ਨਾਹੀਂ।
ਖੋਲ ਦੇਖ ਮਦਫ਼ੂਨ ਖ਼ਜ਼ਾਨਿਆਂ ਨੂੰ ਰਹਿਣੀ ਅੰਤ ਮਾਇਆ ਮੁਸਤਆਰ ਨਾਹੀਂ।
ਧਰੀਆਂ ਦੇਖ ਅਮਾਨਤਾਂ ਵਿਚ ਤੇਰੇ ਖ਼ਾਇਨ ਹੋਵਣਾ ਹੈਂ ਤੈਨੂੰ ਹਾਰ ਨਾਹੀਂ।
ਬੇਤਰਸ ਦਿਲ ਉਨ੍ਹਾਂ ਸੁਖ ਵਸਦਿਆਂ ਦਾ ਦੁੱਖ ਜਿਨ੍ਹਾਂ ਨੂੰ ਪਿਆ ਦਮਚਾਰ ਨਾਹੀਂ।
ਦੁੱਖ ਜਿਨ੍ਹਾਂ ਨੂੰ ਪਿਆਰ ਦਮ ਚਾਰ ਨਾਹੀਂ ਸਾਡੀ ਸਮਝਦੇ ਉਹ ਗੁਫ਼ਤਾਰ ਨਾਹੀਂ।
ਸਾਡੇ ਦੇਸ ਵੱਸੇਂ ਸਾਡੀ ਗੱਲ ਸਮਝੇਂ ਹਿੰਦੀ ਸਮਝਦੇ ਅਹਿਲ-ਏ-ਤਾਤਾਰ ਨਾਹੀਂ।
ਲੁਹਾਰ ਦਾ ਕੰਮ ਲੁਹਾਰ ਜਾਣੇ ਹੁੰਦੀ ਜ਼ਰਗਿਰੀ ਬਾਝ ਸੁਨਿਆਰ ਨਾਹੀਂ।
ਆਹੀਂ ਦਰਦ ਫ਼ਿਰਾਕ ਦੀਆਂ ਦੇਖ ਯਾਰਾ ਕਦੋਂ ਵਗਦੀਆਂ ਬੰਨ੍ਹ ਕਤਾਰ ਨਾਹੀਂ।
ਦਿਲੋਂ ਦਰਦ ਵਿਛੋੜੇ ਦਿਆਂ ਲੁੱਟਿਆਂ ਦੇ ਜੋਸ਼ ਉੱਠਦੇ ਕਿਵੇਂ ਇਕਸਾਰ ਨਾਹੀਂ।
ਵੇ ਮੈਂ ਕਿਵੇਂ ਜਰਾਂ ਲਾਟਾਂ ਵਿਚ ਸੀਨੇ ਇਸ ਥੀਂ ਵੱਧ ਹੁਣ ਸੱਚ ਨਤਾਰ ਨਾਹੀਂ।
ਯਾਰ ਪੜ੍ਹੇ ਨਾ ਪੜ੍ਹੇ ਖ਼ਤ ਨਾਲ ਦਰਦਾਂ ਮੇਰੀ ਕਲਮ ਨੂੰ ਅੱਜ ਖਲਿਆਰ ਨਾਹੀਂ।

## 9।ਖ਼

ਕਲਮ ਤੇਜ਼ ਜ਼ਬਾਨ ਵਿਛੁੰਨਿਆ ਦੀ ਜੋਲਾਂ ਮਾਰਦੀ ਤੁੰਦ ਸਵਾਰੀਆਂ ਤੇ।
ਸਾਂਭੀ ਗਈ ਨਾ ਕਲਮ ਦੁੱਖ ਭਿੰਨੀਆਂ ਦੀ ਸਭਨਾਂ ਮਨਸ਼ਿਆਂ ਹੋਰ ਪਟਵਾਰੀਆਂ ਤੇ।
ਐਸ ਸਦਰ ਦੀ ਸ਼ਿਸਤ ਥੀਂ ਦੂਰ ਚਾਂਦਾ ਅਫ਼ਸਟ ਕੱਟਣੇ ਹੁਕਮ ਖ਼ੁਆਰੀਆਂ ਤੇ।
ਏਥੇ ਕਿਨੇ ਨਾ ਰਿਸ਼ਵਤਾਂ ਦੇਣੀਆਂ ਨੇ ਤੇ ਨਾ ਪਹੁੰਚਣਾ ਹੱਥ ਕਵਾਰੀਆਂ ਤੇ।
ਇਹ ਕਲਮ ਸਪੁਰਦ ਮੈਂ ਵਰਗਿਆਂ ਨੂੰ ਜਿੰਦ ਜਿਨ੍ਹਾਂ ਦੀ ਤੇਗ ਦੀਆਂ ਧਾਰੀਆਂ ਤੇ।
ਜਿਹੜੇ ਟੁਰੇ ਫ਼ਨਾ ਦੀਆਂ ਮੰਜ਼ਿਲਾਂ ਨੂੰ ਦਫ਼ਤਰ ਲੱਦ ਮੁਸੀਬਤਾਂ ਭਾਰੀਆਂ ਦੇ।
ਜਿਨ੍ਹਾਂ ਸੁੱਖ ਤੇ ਦੁੱਖ ਨੂੰ ਇਕ ਜਾਤਾ ਉਹ ਹੱਸ ਰਹੇ ਆਪਣੀ ਜ਼ਾਰੀਆਂ ਤੇ।
ਰੰਗਾ ਰੰਗ ਦੇ ਰੰਗ ਹੰਡਾਵੰਦੀ ਏ ਯਕਰੰਗੀ ਦੀਆਂ ਬੈਠ ਅਮਾਰੀਆਂ ਤੇ।
ਅਸਾਂ ਚਿੱਠੀਆਂ ਲਿਖੀਆਂ ਵਾਚਣੇ ਨੂੰ ਕੱਜੀ ਰਹੇ ਨਾ ਖੇਲ ਖਿਲਾੜੀਆਂ ਤੇ।
ਏਸ ਖੇਲ ਦਾ ਜਿਨ੍ਹਾਂ ਨਾ ਭੇਤ ਪਾਇਆ ਉਹ ਰੋਣਗੇ ਬਾਜ਼ੀਆਂ ਹਾਰੀਆਂ ਤੇ।
ਜੇ ਮੈਂ ਕੋਹਜੜੀ ਸੋਕਣੇ ਹਸਦੀਏ ਨੀ ਨੱਕ ਚਾੜ੍ਹ ਨਾਹੀਂ ਦਿਲੋਂ ਵਾਰੀਆਂ ਤੇ।

---

63. ਸ਼ੁਰੂ ਤੋਂ 64. ਜ਼ੁਲਮ-ਜਬਰ ਕਰਨ ਵਾਲਾ 65. ਗ਼ਰੀਬੀ।

ਅੰਤ ਨਜ਼ਰ ਹੈ ਕੰਤ ਲਡਕੜੇਦੀ ਸੇਜ ਭਰਦੀਆਂ ਤੇ ਪੀਤਾਰੀਆਂ ਤੇ।
ਚਿੱਕੜ ਭਰਿਆ ਨੂੰ ਯਾਰ ਗਲ ਲਾਵੰਦਾ ਹੈ ਇਤਬਾਰ ਨਾ ਕੁਝ ਸਿੰਗਾਰਿਆਂ ਤੇ
ਕੁਰਬਾਨ ਦਿਲ ਜਾਨ ਸਦਕੜੇ ਹੈ ਯਾਰ ਰਹਿਮ ਕਰਦਾ ਔਗੁਣਹਾਰਿਆਂ ਤੇ।
ਫ਼ਰਿਆਦ ਓ ਬੇਲੀਆ ਲਈਂ ਸਾਰਾਂ ਕਰੀਂ ਰਹਿਮ ਫ਼ਿਰਾਕ ਦੇ ਮਾਰਿਆਂ ਤੇ।
ਘਰ ਉੱਜੜੇ ਵੱਸਣ ਜੇ ਕਰੇਂ ਫੇਰਾ ਕਾਰੀ ਪਵੇ ਇਲਾਜ ਬੀਮਾਰੀਆਂ ਤੇ।
ਮੈਂ ਕਹਾਂ ਕੀ ਯਾਰ ਤੇ ਵਾਰੀਆਂ ਮੈਂ ਬਲਕਿ ਯਾਰ ਦਿਆਂ ਕੁਲ ਪਿਆਰਿਆਂ ਤੇ।
ਜਿਨ੍ਹਾਂ ਦਖ਼ਲ ਦਰਬਾਰ ਮਨਜ਼ੂਰੀਆਂ ਦਾ ਨਜ਼ਰ ਤਿਨਹਾਂ ਦੀ ਨਹੀਂ ਸਰਦਾਰੀਆਂ ਤੇ।
ਜਿਨ੍ਹਾਂ ਤੇਗ[66] ਫ਼ਿਰਾਕ ਦੇ ਜ਼ਖ਼ਮ ਝੱਲੇ ਉਹ ਸੈਦ ਕੁਰਬਾਨ ਸ਼ਿਕਾਰੀਆਂ ਤੇ।
ਸੋਜ਼ਿਸ਼ ਇਸ਼ਕ ਦੀ ਨੂੰ ਨਹੀਂ ਠੰਡ ਮਿਲਣੀ ਸ਼ੋਰ ਆਬ ਦੋ ਚਸ਼ਮ ਦਿਆਂ ਮਾਰਿਆਂ ਤੇ।
ਬੇੜੇ ਮਿਸਰ ਥੀਂ ਮੁੜੇ ਲੜਾਕਿਆਂ ਦੇ ਅਜੇ ਅਸਾਂ ਦੇ ਨੈਣ ਕਟਾਰੀਆਂ ਤੇ।
ਸਾਡੇ ਦਰਦ ਦੀਆਂ ਬੱਜਦੀਆਂ ਰਹਿਨ ਤਾਰਾਂ ਜਾਂ ਲੱਗ ਯਾਰ ਨੂੰ ਹੌਸਲਾ ਯਾਰੀਆਂ ਤੇ।
ਸੁੱਖ ਵੱਸਦਿਆਂ ਸੱਜਣਾ ਦੁੱਖ ਸੁਣ ਕੇ ਫੇਰਾ ਘਤ ਚਮਨੋਂ ਵਸਾਰੀਆਂ ਤੇ।
ਨਹੀਂ ਤੇ ਬੱਸ ਹੀ ਬੱਸ ਪੁਕਾਰ ਉੱਠੀਂ ਬਧੇਸਾਜ਼ ਜਾਂ ਅਸਾਂ ਤਿਆਰੀਆਂ ਤੇ।
ਵੱਜੇ ਜਟਾਂ ਦਾ ਸਾਰੰਗਾ ਦੇਸ਼ ਤੇਰੇ ਸਾਡੇ ਦਰਦ ਦੀਆਂ ਜੋਸ਼ ਖ਼ੁਮਾਰੀਆਂ ਤੇ।
ਹੱਥ ਲਈਂ ਤੰਬੂਰ ਖ਼ਤ ਪੜ੍ਹੀਂ ਸਾਡਾ ਸੁਰਰੰਗੀਆਂ ਚਾੜ੍ਹ ਉਡਾਰੀਆਂ ਤੇ।

## 10

ਅਸੀਂ ਚੁੱਪ ਚੁੱਪ ਯਾਰੀਆਂ ਲਾਈਆਂ ਸਨ ਪਿਆ ਗਾਵਣਾ ਨਾਲ ਤੰਬੂਰਿਆਂ ਦੇ।
ਵਾਹੇ ਵਾਹ ਓ ਸੱਯਦਾ ਮੇਰਿਆ ਓ ਪਿਆ ਪਿੱਟਣਾ ਦੇਹੀਂ ਆਸ਼ੂਰਿਆਂ ਦੇ।
ਸਾਡੇ ਯਾਰ ਉਹਾ ਜਿਨ੍ਹਾਂ ਦਰਦ ਨਾਹਾਂ ਐਵੇਂ ਲੇਖ ਸੀ ਅਸਾਂ ਅਧੂਰਿਆਂ ਦੇ।
ਧੰਨ ਭਾਗ ਉਨ੍ਹਾਂ ਜਿਹੜੇ ਲੜੀਂ ਲੱਗੇ ਯਾਰਾਂ ਕੌਲ[67] ਕਰਾਰਿਆਂ ਪੂਰਿਆਂ ਦੇ।
ਅੰਤ ਚਾਹੀ ਦੇ ਸੀ ਯਾਰਾ ਇਹੋ ਜਿਹੇ ਅਸਾਂ ਜਇਆਂ ਬੇ-ਸ਼ਊਰਿਆਂ ਦੇ।
ਵਿਚ ਉੱਨ ਦੀਆਂ ਰੱਸੀਆਂ ਸੋਹਿੰਦੇ ਨੇ ਫੁੱਮਣ ਊਠਾਂ ਦੇ ਗਲਾਂ ਵਿਚ ਭੋਰਿਆਂ ਦੇ।
ਯਾਰ ਜਿਨ੍ਹਾਂ ਦੇ ਕੌੜੀਆਂ ਖ਼ਸਲਤਾਂ ਦੇ ਮਜ਼ੇ ਤਿਨ੍ਹਾਂ ਨੂੰ ਧੱਪਿਆਂ ਹੂਰਿਆਂ ਦੇ।
ਸੱਟਾਂ ਝੱਲ ਮੁਕਾਬਲੇ ਫੇਰ ਕਰਨੇ ਇਹ ਹੌਸਲੇ ਪੂਰਿਆਂ ਸੂਰਿਆਂ ਦੇ।
ਜਿਨ੍ਹਾਂ ਕੁੱਤੀਆਂ ਪਾਲੀਆਂ ਵਿਚ ਬੁੱਕਲ ਮੂੰਹ ਚੁੰਮਣੇ ਪਏ ਕਤੂਰਿਆਂ ਦੇ।
ਜਿਨ੍ਹਾਂ ਮੰਦੀਆਂ ਵਾਦੀਆਂ ਵਿਚ ਵਾਸਾ ਬਾਜ਼ ਆਵਣਾ ਨਹੀਂ ਬਿਨ ਘੂਰਿਆਂ ਦੇ।
ਜਿਨ੍ਹਾਂ ਰੋਗ ਪੁਰਾਣੇ ਦੀ ਰੜਕ ਸੀਨੇ ਦੁੱਖ ਜਾਵਣੇ ਨਹੀਂ ਖੰਗੂਰਿਆਂ ਦੇ।
ਸਾਡੇ ਦੁੱਖ ਨਾ ਗਏ ਲੱਖ ਜੋਸ਼ ਮਾਰੇ ਇਹੋ ਜੋਸ਼ ਸੀ ਬੇ-ਦਸਤੂਰਿਆਂ ਦੇ।
ਧਰੀ ਵਸਲ[68] ਦੀ ਆਸ ਦੁੱਖ ਬਹੁਤ ਪਾਏ ਮੁੱਕਦੇ ਪੈਰ ਨਾ ਕੰਨ ਖਜੂਰਿਆਂ ਦੇ।
ਚਿੱਤ ਚਾਟ ਕਮਾਦ ਦੀਆਂ ਪੂਰੀਆਂ ਦੀ ਪਏ ਚੂਸਣੇ ਰੱਸ ਧਤੂਰਿਆਂ ਦੇ।
ਵਕਤ ਗਏ ਤੇ ਫੇਰ ਪਛਾਤਾਵਣਾ ਕੀ ਨਹੀਂ ਬਦਲਣੇ ਲੇਖ ਮੁੜ ਝੂਰਿਆਂ ਦੇ।
ਨਿੱਜ ਤਿੱਬ ਦਾ ਇਲਮ ਮੈਂ ਯਾਦ ਕੀਤਾ, ਰੰਗ ਦੇਖਣੇ ਪਏ ਕਾਰੂਰੀਆਂ ਦੇ।

## 11

ਕਰ ਯਾਦ ਤੂੰ ਖ਼ਤਾਂ ਵਿਚ ਜੀਵੇਂ ਲਿਖਿਆ ਗੋੜੇ ਚਾਓ ਨੇ ਸ਼ੋਰਸ਼ਾ ਚਾਹੀਆਂ ਨੇ।
ਤੇਰੀਆਂ ਲਾਈਆਂ ਅਸਾਂ ਵੱਲ ਆਈਆਂ ਨੇ ਸਾਨੂੰ ਦਿੱਤੀਆਂ ਹਿਜਰ ਈਜ਼ਾਈਆਂ ਨੇ।
ਨਦੀਆਂ ਨੈਣਾਂ ਦੀਆਂ ਅੱਜ ਉੱਛਲ ਆਈਆਂ ਅਸੀਂ ਸਫ਼ਰ ਤਿਆਰੀਆਂ ਲਾਈਆਂ ਨੇ।
ਲਾਂਬੋ ਪਕੜ ਜੁਦਾਈਆਂ ਆਈਆਂ ਨੇ ਜੜ੍ਹਾਂ ਸਬਰ ਦੀਆਂ ਸਾੜ ਸੁਧਾਈਆਂ ਨੇ।
ਤੇਰੇ ਖ਼ਤਾਂ ਨੂੰ ਸੱਚ ਕਰ ਜਾਣਿਆਂ ਸੀ ਚਿੱਠੀਆਂ ਮੋੜ ਜਵਾਬ ਦੀਆਂ ਪਾਈਆਂ ਨੇ।

---

66. ਤਲਵਾਰ, 67. ਵਾਅਦਾ, 68. ਮਿਲਾਪ

ਜੇ ਤੂੰ ਅਸਾਂ ਦੇ ਮਿਲਣ ਨੂੰ ਝੂਰਦਾ ਏਂ ਇੱਧਰ ਬਲਦੀਆਂ ਦੂਨ ਸਵਾਈਆਂ ਨੇ।
ਤੂੰ ਨਾ ਰੋ ਮੈਂ ਵਾਰੀਆਂ ਜੁਗ ਜੀਵੇਂ ਲਈਆਂ ਤੇਰੀਆਂ ਅਸਾਂ ਬਲਾਈਆਂ ਨੇ।
ਸਾਨੂੰ ਆ ਮਿਲ ਮਿਲਣ ਦੇ ਸ਼ੌਕੀਆ ਓਏ ਤੈਂਥੀਂ ਵੱਧ ਸਾਨੂੰ ਅੱਚਵਾਈਆਂ ਨੇ।
ਤੈਨੂੰ ਚਾਅ ਸਾਡਾ ਸਾਨੂੰ ਚਾਅ ਤੇਰਾ ਦੋਹਾਂ ਦਿਲਾਂ ਨੂੰ ਸੋਜ਼ ਜੁਦਾਈਆਂ ਨੇ।
ਮੁੰਤਜ਼ਿਰਾਂ ਦੇ ਦੇਸ ਤੇ ਘਤ ਫੇਰਾ ਅਸੀਂ ਗਰਦਨਾਂ ਆਪ ਨਿਵਾਈਆਂ ਨੇ।
ਅਸੀਂ ਖੜੇ ਉਡੀਕਦੇ ਰਾਹ ਤੇਰਾ ਸਾਡੇ ਦੇਵਂਦੇ ਨੈਣ ਦੁਹਾਈਆਂ ਨੇ।
ਹਾਲ ਹਾਲ ਓ ਸੱਜਣਾ ਹਾਲ ਦੇਖੀਂ ਹਾਲ ਅਸਾਂ ਦੇ ਮਿਸਲ ਸੋਦਾਈਆਂ ਨੇ।
ਅਸੀਂ ਅੱਖੀਆਂ ਦੀਆਂ ਧੇਰੀਆਂ ਖੋਲੀਆਂ ਨੇ ਘੋਲ ਵਿਚ ਦਵਾਤ ਉਲਟਾਈਆਂ ਨੇ।
ਅਸੀਂ ਚਿੱਠੀਆਂ ਲਿਖੀਆਂ ਵਾਚਣੇ ਨੂੰ ਤੂੰ ਤਾਂ ਵਾਚ ਕੇ ਪਾੜ ਗਵਾਈਆਂ ਨੇ।
ਯਾਰਾ ਤੇਰੀਆਂ ਬੇ-ਪਰਵਾਹੀਆਂ ਨੇ ਸਾਡੀਆਂ ਰੜਕਦੀਆਂ ਹੋਰ ਰੜਕਾਈਆਂ ਨੇ।
ਇਸਤਗ਼ਨਾਈਆਂ[69] ਤੇਰੀਆਂ ਸੱਜਦਾ ਓਏ ਸਾਡੀਆਂ ਭੜਕਦੀਆਂ ਹੋਰ ਭੜਕਾਈਆਂ ਨੇ।
ਨਕਸ਼ ਜ਼ਾਅਫ਼ਰਾਨੀ ਇਸਮ ਯਾਰ ਦੇ ਨੇ ਲਾਟਾਂ ਬਾਲ ਦਿਲ ਵਿਚ ਚਮਕਾਈਆਂ ਨੇ।
ਜੈਂ ਵੱਲ ਨਜ਼ਰ ਵੱਗਦੀ ਜਲਵਾ ਯਾਰ ਦਾ ਹੈ ਅਜੇ ਯਾਰ ਨੂੰ ਬੇ ਪਰਵਾਹੀਆਂ ਨੇ।
ਨੂਰ ਲਾਮਾ[70] ਵਿਚ ਦਿਮਾਗ਼ ਰਚਿਆ ਦਿੰਦਾ ਸਿਦਕ ਨੂੰ ਸਾਫ਼ ਸਫ਼ਾਈਆਂ ਨੇ।
ਇਸ ਜਾਮਿਅ ਨੂਰ ਦੀ ਲਹਿਰ ਅੰਦਰ ਨਦੀਆਂ ਨੂਰ ਦੀਆਂ ਟੋਰ ਵਗਾਈਆਂ ਨੇ।
ਜੇ ਮੈਂ ਹੱਥ ਤੇਰੇ ਤੋਂ ਕਦ ਦੂਰ ਮੱਥੀਂ ਮੈਂ ਕਹਿੰਦਿਆਂ ਵੀ ਪਛਤਾਈਆਂ ਨੇ।
ਆਪੇ ਆਪ ਤੈਂ ਯਾਰੀਆਂ ਲਾਈਆਂ ਨੇ ਆਪੇ ਦੇਖੀਆਂ ਆਪ ਦਿਖਾਈਆਂ ਨੇ।

## 12

ਅਸੀਂ ਦਰਦ ਫ਼ਿਰਾਕ ਦੇ ਮੋਤੀਆਂ ਥੀਂ ਲੜੀਆਂ ਮਿਜ਼ਗਾਂ[71] ਦੀ ਨੋਕ ਪਰੋਨੀਆਂ ਨੇ।
ਜਾਂ ਲਗ ਸੋਜ਼ ਫ਼ਿਰਾਕ ਦੇ ਪਿੱਟਣੇ ਨੇ ਰੋ ਰੋ ਖ਼ੂਨ ਅੱਖੀਆਂ ਧੋਣੀਆਂ ਨੇ।
ਮੀਆਂ ਸੱਜਦਾ ਮਿਲੇ ਨਾ ਜਦੋਂ ਤਾਈਂ ਸਾਡੀਆਂ ਸ਼ੋਰਸ਼ਾਂ ਤਮ ਨਾ ਹੋਣੀਆਂ ਨੇ।
ਵਹਿੰਦੇ ਦਰਦ ਦੇ ਗਰਦ ਦੀ ਭਰਤੀਆਂ ਥੀਂ ਨਹਿਰਾਂ ਵਗਦੀਆਂ ਅਟਕ ਖਲੋਣੀਆਂ ਨੇ।
ਡਾਕਖ਼ਾਨੇ ਦੀ ਵਿਚ ਸੰਦੂਕਚੀ ਦੇ ਅਸੀਂ ਲਿਖ ਲਿਖ ਚਿੱਠੀਆਂ ਪੂਣੀਆਂ ਨੇ।
ਤੇਰੇ ਮਾਲਵੇ ਤੇ ਅਸੀਂ ਦਿਨੇ ਰਾਤੀਂ ਫ਼ੌਜਾਂ ਦਲੀਦੇ ਦਰਦ ਦੀਆਂ ਢੂਣੀਆਂ ਨੇ।
ਬੇ-ਦਰਦਾਂ ਥੀਂ ਦਰਦ ਦੀ ਦਾਦ ਲੈਣੀ ਅਸਾਂ ਆਦੀਆਂ ਖਾਂਗੜਾ ਚੂਣੀਆਂ ਨੇ।
ਆਦਮ ਜ਼ਾਦ[72] ਦੇ ਵਿਚ ਖ਼ਮੀਰ ਵਹਿਸ਼ਤ ਤਾਓ ਚਾੜ੍ਹ ਤਬੀਅਤਾਂ ਗੂਣੀਆਂ ਨੇ।
ਹਜ਼ਰਤ ਇਸ਼ਕ ਵਾਲੀ ਅੰਦਰ ਕਿਸ਼ਤਕਾਰੀ ਅਸੀਂ ਦੂਧਲਾਂ ਹਲਾਂ ਵਿਚ ਜੂਣੀਆਂ ਨੇ।
ਯਕਰੰਗੀ ਦੇ ਬਹਿਰ-ਏ-ਫ਼ਨਾ ਅੰਦਰ ਫ਼ਰਕ ਦਾਰੀਆਂ ਰੋੜ ਵਿਗੋਣੀਆਂ ਨੇ।
ਇਹ ਫ਼ਰਕ ਦੀਆਂ ਦੋੜ ਕਦਾਈਆਂ ਵੀ ਆਖ਼ਿਰ ਜਮ੍ਹਾ ਵਿਚ ਆਣ ਸਮੋਣੀਆਂ ਨੇ।
ਅਜੇ ਮਿੰਨਤਾਂ ਨਾਲ ਬੁਲਾਂਵਦੇ ਹਾਂ ਨੋਕਾਂ ਤਾਅਨ ਦੀਆਂ ਫੇਰ ਚਬੋਣੀਆਂ ਨੇ।
ਜੇ ਤੂੰ ਨਾ ਆਇਆ ਅਸੀਂ ਫੇਰ ਏਵੇਂ ਗਿੱਲੇ ਪੀਹਨ ਦੀਆਂ ਚੱਕੀਆਂ ਝੂਣੀਆਂ ਨੇ।
ਦੇਖ ਖ਼ਤ ਗ਼ੁਲਾਮ ਰਸੂਲ ਦੇ ਨੂੰ ਵਿਚ ਮਾਲਵੇ ਅੱਖੀਆਂ ਰੋਣੀਆਂ ਨੇ।

## 13

ਹੋਈਆਂ ਮੁਦੱਤਾਂ ਇਸ਼ਕ ਦੀ ਲਾਟ ਸੋਜ਼ਾਂ ਸਾਡੇ ਵਿਚ ਦਿਲ ਦੇ ਮੋਜਾਂ ਮਾਣਦੀ ਸੀ।
ਸੀਨੇ ਵਿਚ ਉਡਾਰੀਆਂ ਮਾਰਦੀ ਸੀ ਖ਼ਿਰਮਨ ਸੋਜ਼ ਇਹ ਬਰਕ ਦੇ ਹਾਣ ਦੀ ਸੀ।
ਸਦਮਾ ਗਾਹ[73] ਬੁਲਾਦੀ ਜਾਨ ਸਾਡੀ ਹਮਦੋਸ਼[74] ਕਿਬਰੀਅਤ[75] ਦੇ ਖਾਨ ਦੀ ਸੀ।
ਧੰਦੋਕਾਰ ਅੰਧੇਰੜੀ ਸੋਜ਼[76] ਵਾਲੀ ਗਰਦ ਦਰਦ ਦੀ ਸੋਜ਼ ਵਿਚ ਛਾਣ ਦੀ ਸੀ।

---

69. ਬੇਪਰਵਾਹੀਆਂ, 70. ਨੂਰ ਦੀਆਂ ਕਿਰਨਾ, 71. ਪਲਕਾਂ, 72. ਆਦਮ ਦੀ ਔਲਾਦ, 73. ਸਦਮੇ ਦੀ ਥਾਂ 74. ਬਰਾਬਰ, 75. ਵੱਡਾਪਣ, 76. ਦੁੱਖ, ਦਰਦ ।

ਹਮਜ਼ਾਦ[77] ਅਲਮਾਸ[78] ਦੀ ਜਾਨ ਸਾਡੀ ਆਹਨ ਦੋਜ਼ ਬਰਮੀ ਤਰਖਾਨ ਦੀ ਸੀ।
ਸੰਗੀਨ ਦਿਲ ਟੁੰਬ ਪਰੋਵਣੇ ਨੂੰ ਸਿਰ ਏਸ ਦੇ ਤੇ ਤੇਜ਼ੀ ਸਾਨ ਦੀ ਸੀ।
ਲੱਗੀ ਰੜਕਣੇ ਜਾਨ ਤੇ ਜਿਗਰ ਅੰਦਰ ਮੱਖੀ ਜ਼ਹਿਰ ਭਰੀ ਖ਼ੂਨੀ ਬਾਨ ਦੀ ਸੀ।
ਜ਼ਖ਼ਮ ਰੜਕਿਆ ਤੇ ਦਿਲ ਧੜਕਿਆ ਸੀ ਹੋਸ਼ ਗੁਮ ਹੋ ਗਈ ਓਸਾਨ[79] ਦੀ ਸੀ।
ਜਾਨ ਸੋਜ਼ ਜੋ ਨਿੱਤਰੀ ਸੋਜ਼ ਵਾਲੀ ਦਰਦੋਂ ਸਬਰ ਕਰਾਰ ਨੂੰ ਗਾਣ ਦੀ ਸੀ।
ਚੜ੍ਹਿਆ ਤਾਓ ਸਵਾਰੀਓਂ ਸ਼ੁਤਰ ਘੱਥਾ ਤੇ ਨਾ ਸ਼ੁਤਰ ਨੂੰ ਸੁਰਤ ਪਾਲਾਨ ਦੀ ਸੀ।
ਵੱਜੀਆਂ ਦਸਤਕਾਂ ਨਾਲ ਅੰਗੁਸ਼ਤਗਾਂ ਦੇ ਝਲੀ ਲਹਿਰ ਜਿਓਂ ਭੂਤ ਮਸਾਨ ਦੀ ਸੀ।
ਚਸ਼ਮਾ ਸਾਰ ਇਰਾਦਤੋਂ ਮੌਜ ਵੱਗੀ ਹੋਈ ਤਰਬਤਰ ਫ਼ਸਲ ਕਰਸਾਨ[80] ਦੀ ਸੀ।
ਚਿੱਠੀ ਆਹ ਦਿਲਖ਼੍ਵਾਹ ਕਲੇਜੜੇ ਥੀਂ ਜਿਹੜੀ ਵਿਚ ਸੀਨੇ ਤੰਬੂ ਤਾਨ ਦੀ ਸੀ।
ਤਾਂ ਮੈਂ ਕੱਢ ਬੁਖ਼ਾਰ ਦੁਖ ਤੋਲ ਘੱਲ ਜਾਨ ਟੁੱਟਦੀ ਨੈਣ ਪਰਾਨ ਦੀ ਸੀ।
ਸਾਡੀ ਜਾਨ ਕੁਰਬਾਨ ਹੋ ਰਹੀ ਯਾਰਾ ਅੰਤ ਦੇਖ ਲੈ ਹੱਕ ਪਛਾਣ ਦੀ ਸੀ।
ਪੀੜਾਂ ਤੱਤੀਆਂ ਕਲਮ ਨੂੰ ਲੱਗੀਆਂ ਸੀ ਜਿਨ ਛਡਿਆ ਜਿਹੀਆ ਜਿਨ ਜਾਣਦੀ ਸੀ।

## ਆਖ਼ਰੀ ਅਰਜ਼

## 14

ਆਲਮਪੁਰੋਂ ਵੱਲ ਮਾਲਵੇ ਵੱਗੀ ਚਿੱਠੀ ਹੁਣ ਰਿਹਾ ਨਾ ਵਕਤ ਤਾਖ਼ੀਰ ਦਾ ਏ।
ਸਾਡੇ ਲਿਖੇ ਤੇ ਕਿਸ ਨੇ ਰੋਣਾ ਏਂ ਵੱਗ ਚੱਲਿਆ ਤੀਰ ਤਕਦੀਰ ਦਾ ਏ।
ਦਿਲ ਦੇ ਜੋਸ਼ ਦੇ ਖ਼ੂਨ ਦਾ ਰੰਗ ਖੁੱਲਾ ਖ਼ਾਕਾ ਹਿਜਰ ਦੀ ਪਾਕ ਤਸਵੀਰ ਦਾ ਏ।
ਇਸ ਸਬਜ਼ ਤਰ ਬਰਗ ਦਾ ਰੰਗ ਖ਼ੂਨੀ ਖੋਲ ਦੇਖਿਆ ਰਾਜ਼ ਤਫ਼ਸੀਰ ਦਾ ਏ।
ਤਫ਼ਸੀਰ ਇਸ ਰਾਜ਼ ਦੀ ਦਿਲਾਂ ਅੰਦਰ ਧਰਦੀ ਖ਼ਾਬ ਤੇ ਹੁਕਮ ਤਾਅਬੀਰ ਦਾ ਏ।
ਤਾਅਬੀਰ ਇਸ ਖ਼ਾਬ ਦੀ ਖ਼ਾਬ ਦਾਇਮ ਪਾਬੰਦ ਜਨੂੰਨ ਜ਼ੰਜੀਰ ਦਾ ਏ।
ਕੀਤਾ ਖ਼ਤਮ ਕਲਾਮ ਦੇ ਸਿਲਸਲੇ ਨੂੰ ਅੱਗੇ ਖ਼ੌਫ਼ ਹੁਣ ਅਮਲ ਕਸੀਰ ਦਾ ਏ।
ਕਾਇਮ ਰਹੇ ਨਮਾਜ਼ ਜੇ ਇਸ਼ਕ ਵਾਲੀ ਜਾਨ ਫ਼ਜ਼ਲ ਕਰੀਮ ਕਦੀਰ ਦਾ ਏ।
ਜਾਨੀ ਯਾਰ ਦੀ ਵਿਚ ਦੁਕਾਨ ਬਹਿ ਕੇ ਪਿਆ ਇਹ ਇਤੱਫ਼ਾਕ ਤਹਿਰੀਰ ਦਾ ਏ।
ਦਰਦੀਂ ਭਰੇ ਦਿਲ ਰੰਜ ਮਹਿਜੂਰ ਦੇ ਨੇ ਰੋ ਰੋ ਡੋਲ੍ਹਿਆ ਰੰਗ ਤਾਸੀਰ ਦਾ ਏ।
ਅੱਖੀਂ ਦੁਖਦੀਆਂ ਨਾਲ ਮੈਂ ਖ਼ਤ ਲਿਖਿਆ ਦੋਪਹਿਰ ਦਾ ਵਕਤ ਦਿਨ ਪੀਰ ਦਾ ਏ।
ਅੱਜ ਅੱਠਵੇਂ ਮਾਹ ਮਹੱਰਮੋਂ ਹੈ ਸਦੀ ਤੇਰਹਵੀਂ ਸਾਲ ਆਖ਼ੀਰਦਾ ਏ।

*****

77. ਦੋਸਤ, 78. ਸਖ਼ਤ ਹੀਰਾ, 79. ਹੋਸ਼-ਓ-ਹਵਾਸ, 80. ਕਿਸਾਨ

# ਚਿੱਠੀ ਬਨਾਮ ਹੀਰੇ ਸ਼ਾਹ ਸਾਹਿਬ

ਇਹ ਉਹ ਚਿੱਠੀਆਂ ਹਨ ਜਿਹੜੀਆਂ ਮੌਲਵੀ ਸਾਹਿਬ (ਰਹਿ.) ਹੋਰਾਂ ਨੇ ਪੰਜਾਬੀ ਕਾਵਿ ਵਿਚ ਹੀਰੇ ਸ਼ਾਹ ਨੂੰ ਲਿਖੀਆਂ ਸਨ। ਹੀਰੇ ਸ਼ਾਹ ਗੁੱਜਰ ਕੌਮ ਨਾਲ ਸੰਬੰਧ ਰੱਖਦਾ ਸੀ ਅਤੇ ਆਲਮਪੁਰ ਦੇ ਨੇੜੇ ਹੀ ਇੱਕ ਗਾਓਂ ਬੂਛਾਂ (ਭੂਛਾਂ) ਦਾ ਰਹਿਣ ਵਾਲਾ ਸੀ। ਉਸ ਨੇ ਵਿਆਹ ਨਹੀਂ ਕਰਵਾਇਆ ਸੀ ਤੇ ਆਪਣਾ ਸਾਰਾ ਜੀਵਨ ਦਰਵੇਸ਼ਾਂ ਵਾਂਗ ਗੁਜ਼ਾਰਿਆ। ਉਸ ਦੇ ਦੂਸਰੇ ਭਰਾ ਵਜ਼ੀਰਾ ਦੀ ਸੰਤਾਨ ਜੜਾਂ ਵਾਲਾ ਜ਼ਿਲ੍ਹਾ ਲਾਇਲਪੁਰ ਦੇ ਨੇੜੇ ਕਿਸੇ ਚੱਕ ਵਿਚ ਆਬਾਦ ਹੈ। ਉਹ ਆਮ ਤੌਰ ਤੇ ਰਾਤ ਨੂੰ ਛੁਪਛੁਪਾ ਕੇ ਮੌਲਵੀ ਸਾਹਿਬ (ਰਹਿ.) ਨੂੰ ਮਿਲਣ ਆਇਆ ਕਰਦਾ ਸੀ ਅਤੇ ਬਾਅਦ ਵਿਚ ਕਿਸੇ ਗ਼ਲਤ ਫ਼ਹਿਮੀ ਕਾਰਨ ਮੌਲਵੀ ਸਾਹਿਬ (ਰਹਿ.) ਨਾਲ ਨਾਰਾਜ਼ ਹੋ ਕੇ ਜਲੰਧਰ ਚਲਿਆ ਗਿਆ। ਉਸ ਸਮੇਂ ਮੌਲਵੀ ਸਾਹਿਬ ਨੇ ਇਹ ਚਿੱਠੀ ਉਸ ਨੂੰ ਲਿਖੀ ਸੀ।

ਬਾਅਦ ਹਮਦ[1] ਸਲਾਤ ਸਲਾਮ ਮੇਰਾ ਰੁੱਸ ਬੈਠਿਆਂ ਸੱਜਣਾਂ ਪਿਆਰਿਆਂ ਨੂੰ।
ਯਾਰਾਂ ਕਿਬਰ ਹੰਕਾਰ ਦਿਆਂ ਮਾਰਿਆਂ ਨੂੰ ਰੰਗ ਰਤੜੀ ਲਹਿਰ ਦਿਆਂ ਤਾਰਿਆਂ ਨੂੰ।
ਯਾਰੀ ਲਾ-ਜਵਾਬ ਦਿਹ ਬਹਿੰਦਿਆਂ ਨੂੰ ਸੱਚੇ ਰਹਿੰਦਿਆਂ ਝੂਠ ਨਗਾਰਿਆਂ ਨੂੰ।
ਲਬਾਂ ਲਾਲ ਯਾਕੂਤ ਰਬਾਨਿਆਂ ਨੂੰ ਹੀਰੇ ਨੈਣ ਗੁਮਾਨਿਆਂ ਭਾਰਿਆਂ ਨੂੰ।
ਲੇਖਾਂ ਮਾਰਿਆ ਮੋਰਿਆ ਹੀਰਿਆ ਓ ਹੁਣ ਚੀਰਿਆ ਦਫ਼ਤਰਾਂ ਸਾਰਿਆਂ ਨੂੰ।
ਜਾਤਾ ਅਹਿਦ ਪੈਮਾਨ ਮੈਂ ਦੋਸਤੀ ਦਾ ਤੇਰੇ ਫ਼ਨ ਫ਼ਰੇਬ ਦਿਆਂ ਲਾਰਿਆਂ ਨੂੰ।
ਤੇਰਾ ਕਦੋਂ ਕੁੱਝ ਅਸੀਂ ਗੁਨਾਹ ਕੀਤਾ ਕਿਉਂ ਤੂੰ ਤੋੜ ਗਿਓਂ ਔਗੁਣਹਾਰਿਆਂ ਨੂੰ।
ਕਿੱਧਰ ਗਏ ਓਹ ਵੇਲੜੇ ਬੈਲੀਆ ਓ ਜਦੋਂ ਨਹੀਂ ਸੀ ਸਬਰ ਘੁਲਹਾਰਿਆਂ ਨੂੰ।
ਬਿਜਲੀ ਚਮਕਦੀ ਤੇ ਰਾਤਾਂ ਕਾਲੀਆਂ ਨੂੰ ਨਦੀਆਂ ਚੀਰ ਮਿਲਦੋਂ ਮਿਲਣਹਾਰਿਆਂ ਨੂੰ।
ਰਾਤਾਂ ਕਾਲੀਆਂ ਕੱਟੀਆਂ ਨਾਲ ਸਾਡੇ ਛੋੜ ਨੀਂਦ ਦੇ ਝੂਕ ਹੁਲਾਰਿਆਂ ਨੂੰ।
ਕਾਮਨ ਘੱਤ ਬੈਠੀ ਕੋਣ ਕਿੰਜ ਕੁਆਰੀ ਮੇਰੇ ਸੱਜਣਾ ਕਿੰਜ ਕੁਆਰਿਆ ਨੂੰ।
ਮੇਰੇ ਸੱਜਣਾ ਨੂੰ ਜਿਨ੍ਹਾਂ ਪਾੜ ਲਿਆ ਮੇਰਾ ਸਬਰ ਪੋਸੀ ਉਹਦੇ ਕਾਰਿਆਂ ਨੂੰ।
ਜੇ ਮੈਂ ਸੱਚ ਦੱਸਾਂ ਬੁੱਲੇ ਅੱਗ ਝੇਲੇਂ ਕੌਣ ਮੰਨਦਾ ਸੱਚ ਨਿਤਾਰਿਆਂ ਨੂੰ।
ਸੁਣ ਆਪ ਤੂੰ ਹੈਂ ਫ਼ਰਿਆਦ ਮੇਰੀ ਮੁੜ ਯਾਦ ਕਰ ਮਨੋਂ ਵਿਸਾਰਿਆਂ ਨੂੰ।
ਜੇ ਤੂੰ ਅਸਾਂ ਥੀਂ ਠੀਕ ਮੂੰਹ ਮੋੜ ਬੈਠਾ ਥਾਓਂ ਦੱਸ ਖਾਂ ਅਸਾਂ ਬੇਚਾਰਿਆਂ ਨੂੰ।
ਸਾਥੋਂ ਉਹ ਚੰਗੇ ਜੈਂ ਵੱਲ ਚਾਹ ਤੇਰੀ ਸ਼ਾਲਾ ਸਬਰ ਪਵੇ ਕਾਮਨ ਹਾਰਿਆਂ ਨੂੰ।
ਜਾਦੂ ਹਥਿਆਂਦਾ ਜਾਦੂ ਚੱਲ ਗਿਆ ਢਾਇਆ ਸ਼ੌਕ ਦੇ ਕੋਟ ਉਸਾਰਿਆਂ ਨੂੰ।
ਮੌਸਮ ਗਿਆ ਬਹਾਰ ਦਾ ਖ਼ਿਜ਼ਾਂ[2] ਆਈ ਗਈ ਗੱਲਾਂ ਦੇ ਤੋੜ ਨਜ਼ਾਰਿਆਂ ਨੂੰ।
ਮਿਲਿਆ ਦੇਸ਼ ਨਿਕਾਲੜਾ ਬੁਲਬੁਲਾਂ ਨੂੰ ਭੌਰਾਂ ਆਸ਼ਿਕਾਂ ਇਸ਼ਕ ਦੇ ਮਾਰਿਆਂ ਨੂੰ।
ਬਾਜੋਂ ਵੰਜ ਵਫ਼ਾ ਦਮ ਜ਼ਿੰਦਗੀ ਦੇ ਦੇਵਣ ਤਾਓ ਦਿਲ ਕੂੜ ਵਣਜਾਰਿਆਂ ਨੂੰ।

1. ਰੱਬ ਦੀ ਤਾਰੀਫ਼ 2. ਪੱਤਝੜ।

ਆਖ਼ਿਰ ਕੰਮ ਨਾ ਆਵਸੀ ਜਾਨੀਆ ਓ ਪਿੱਛੋਂ ਤਾਵਣਾ ਪਿਆ ਖ਼ਸਾਰਿਆਂ ਨੂੰ।
ਸੰਭਲ ਵਕਤ ਵਹਾਂਡਰੇ ਜਾਂਦੜੇ ਨੂੰ ਰਹਿਣਾ ਮਿਲੇ ਨਾ ਪੈਰ ਪਸਾਰਿਆਂ ਨੂੰ।
ਜਦੋਂ ਕੂਚ ਨਗਾਰੇ ਦੀ ਚੋਟ ਵੱਜੀ ਧੱਕੇ ਮਿਲਣ ਇਕਰਾਰ ਥੀਂ ਹਾਰਿਆਂ ਨੂੰ।
ਮਿੱਠੀ ਪ੍ਰੀਤ ਦੇ ਅਹਿਦ[3] ਦੀ ਵਫ਼ਾਦਾਰੀ ਸੀਰੀਂ ਕਰੇ ਸਮੁੰਦਰਾਂ ਖ਼ਾਰਿਆਂ ਨੂੰ।
ਕੁਰਬਾਨ ਮਹਿਬੂਬ ਥੀਂ ਜਾਨ ਸਾਡੀ ਮਨਜ਼ੂਰ ਜੇ ਕਰੇਂ ਸਿਰ ਵਾਰਿਆਂ ਨੂੰ।
ਛੱਡ ਬੇ ਪਰਵਾਹੀਆਂ ਸੱਜਣਾ ਓ ਆ ਪੁੱਛ ਲੈ ਹਾਲ ਬਲਿਹਾਰਿਆਂ ਨੂੰ।
ਅਸੀਂ ਲਾਵਨੇ ਵਕਤ ਨਾ ਜਾਣਿਆ ਸੀ ਤੇਰੀ ਰਮਜ਼ ਦਿਆਂ ਨਾਜ਼ ਇਸ਼ਾਰਿਆਂ ਨੂੰ।
ਤੇਰੇ ਨੂਰ ਜ਼ਹੂਰ[4] ਦੀਆਂ ਮਸਤੀਆਂ ਨੇ ਕੀਤਾ ਅਕਲ ਦੇ ਮਾਤ ਚਮਕਾਰਿਆਂ ਨੂੰ।
ਜੁਮਲਾ ਮੀਰ ਵਜ਼ੀਰ ਨਿਹਾਲ ਹੋਏ ਤੇਰੇ ਫ਼ਕਰ ਦਿਆਂ ਦੇਖ ਚਮਕਾਰਿਆਂ ਨੂੰ।
ਤੇਰੀ ਖ਼ਾਸ ਹਜ਼ੂਰ ਦੀ ਹਾਜ਼ਰੀ ਨੇ ਅਰਸ਼ ਚਾੜ੍ਹਿਆ ਧਰਤ ਉਤਾਰਿਆਂ ਨੂੰ।
ਸਿਆਹ ਘਟਾ ਥੀਂ ਜਦੋਂ ਤੂੰ ਵਾਂਗ ਬਿਜਲੀ ਚਮਕਾਂ ਦਿੱਤੀਆਂ ਦੂਰ ਸਧਾਰਿਆਂ ਨੂੰ।
ਸਿਰ ਝੱਲਿਆ ਅਸਾਂ ਕੁਰਬਾਨ ਹੋ ਕੇ ਤੇਰੀ ਸ਼ੌਕ ਦੇ ਚਮਕ ਲਿਸ਼ਕਾਰਿਆਂ ਨੂੰ।
ਹੋਣੀ ਹੋ ਗਿਆ ਪਿੱਛੋਂ ਤਾਵਣਾ ਕੀ ਨੇਜ਼ੇ ਦਰਦ ਦੇ ਜਿਗਰ ਸਹਾਰਿਆਂ ਨੂੰ।
ਜਦੋਂ ਇਸ਼ਕ ਦੇ ਬਹਿਰ ਗ਼ਰਕਾਬ[5] ਹੋਏ ਹੱਥ ਪਹੁੰਚਣਾ ਨਹੀਂ ਕਿਨਾਰਿਆਂ ਨੂੰ।
ਫਸ ਬਿਰਹੋਂ ਦੇ ਜਾਲ ਤੜਫਦਿਆਂ ਨੇ ਅੱਖੀਂ ਚਾਵਣਾ ਖ਼ਾਰ ਖਿਲਾਰਿਆਂ ਨੂੰ।
ਓਗਤ ਜਾਵਣਾ ਜਿਨ੍ਹਾਂ ਇਸ ਦਾਮ ਇਸ਼ਕੋਂ ਮੁੜ ਝੂਰਨਾ ਫੇਰ ਛੁਟਕਾਰਿਆਂ ਨੂੰ।
ਵਫ਼ਾਦਾਰ ਹੈਂ ਤੇ ਦੇਖ ਵਫ਼ਾਦਾਰੀ ਖ਼ੂਨੀ ਨੈਣਾਂ ਦੇ ਦੇਖ ਫ਼ੱਵਾਰਿਆਂ ਨੂੰ।
ਵਿਚ ਇਸ਼ਕ ਮਜਾਜ਼ੀ ਦੇ ਖ਼੍ਵਾਨ ਯਗ਼ਮਾ ਲੁਟ ਖਾਵਣਾਂ ਦਰਦ ਨਿਘਾਰਿਆਂ ਨੂੰ।
ਤੈਨੂੰ ਖ਼ਬਰ ਨਾ ਬਿਰਹੋਂ ਦੇ ਕਟਕ ਖ਼ੂਨੀ ਧਾ ਪਏ ਧਰ ਚੋਟ ਨਗਾਰਿਆਂ ਨੂੰ।
ਸਾਡੇ ਤਾਨ ਤਵਾਨ ਮਗ਼ਲੂਬ ਕੀਤੇ ਸ਼ੇਰਾਂ ਘੇਰਿਆ ਜਿਵੇਂ ਚਕਾਰਿਆਂ[6] ਨੂੰ।
ਲਾਈਆਂ ਤੋੜ ਨਿਭਾਣੀਆਂ ਚਾਹੀਏ ਓ ਲਗਦੀ ਲਾਜ ਮੁੜ ਹਾਲ ਚਿਤਾਰਿਆਂ ਨੂੰ।
ਜੇ ਤੂੰ ਨਹੀਂ ਵਹਾਜਨੀ ਵਫ਼ਦਾਰੀ ਕਿੱਥੇ ਖ਼ਰਚਣਾਂ ਦਮਾਂ ਉਧਾਰਿਆਂ ਨੂੰ।
ਵੇਲਾ ਯਾਦ ਕਰ ਅੰਤ ਛੱਡ ਜਾਵਣਾ ਈਂ ਏਥੇ ਸਭ ਪਸਾਰ ਪਸਾਰਿਆਂ ਨੂੰ।
ਧੱਕੇ ਮਿਲਣ ਦਰਗਾਹ ਥੀਂ ਖੋਟਿਆਂ ਨੂੰ ਅਤੇ ਹਾਰਿਆਂ ਰਨੋਂ ਨਿਗਾਰਿਆਂ ਨੂੰ।
ਕੀਤੇ ਅਹਿਦ ਵੱਲੋਂ ਫਿਰਨੇ ਹਾਰਿਆਂ ਨੂੰ ਨਾਲੇ ਪਾਪੀਆਂ ਨੂੰ ਹਥਿਆਰਿਆਂ ਨੂੰ।
ਬੋਲ ਤੋਲ ਵਿੱਚ ਜਿਹਨਾਂ ਘਲਿਆਰ ਨਾਈਂ ਖੋਟੇ ਵੰਜ ਦੇ ਸਭ ਵਣਜਾਰਿਆਂ ਨੂੰ।
ਦਗ਼ਾ ਦੇਵਣਹਾਰ ਜੜ ਮਾਰਿਆਂ ਨੂੰ ਅਹਿਦੋਂ ਫਿਰਦਿਆਂ ਵਹਿਮ ਹੰਕਾਰਿਆਂ ਨੂੰ।
ਪੀਤੇ ਬਾਝ ਮਸਤਾਨਿਆਂ ਭਾਰਿਆਂ ਨੂੰ ਦੁਨੀਆਂ ਦੀਨ ਥੀਂ ਦੂਰ ਦਰਕਾਰਿਆਂ ਨੂੰ।
ਕੀਤੇ ਕੌਲ ਇਕਰਾਰ ਥੀਂ ਹਾਰਿਆਂ ਨੂੰ ਝੁੱਕੇ ਬਾਂਕਿਆਂ ਧੁਰੋਂ ਫ਼ਟਕਾਰਿਆਂ ਨੂੰ।
ਪਾਪੀ ਰੁਹਜ਼ਨ ਤੋਂ ਆ ਮਿਲ ਸੱਜਣਾਂ ਓ ਦਾਗ਼ ਪਵੇ ਕਦ ਮੈਲ ਨਿਖਾਰਿਆਂ ਨੂੰ।
ਦੁੱਧ ਅੱਕ ਦੇ ਨਾਲ ਜੱਗ ਪੁੱਛ ਦੇਖੋ ਨਹੀਂ ਨਿਸਬਤਾਂ ਸ਼ਹਿਦ ਛੁਵਾਰਿਆਂ ਨੂੰ।
ਤੇਰੇ ਨੈਣ ਰੌਸ਼ਨ ਮੇਰੇ ਹੀਰਿਆ ਓ ਮੇਰੀ ਲਿਖਤ ਦੇ ਵਾਚ ਸਿਆਰਿਆ ਨੂੰ।
ਅੱਖੀਂ ਬਾਝ ਕੀ ਵਾਚਣਾ ਅੰਨਿਆਂ ਨੇ ਕੰਨਾਂ ਬਾਝ ਕੀ ਸੁਨਣ ਪੁਕਾਰਿਆਂ ਨੂੰ।
ਜਿਹੜੇ ਖ਼ਤਾਂ ਦੇ ਤੀਰ ਚਲਾ ਬੈਠੇ ਪਕੜੇ ਜਾਣਗੇ ਸਖ਼ਤ ਕੁਫ਼ਾਰਿਆਂ[7] ਨੂੰ।
ਗ਼ੈਰ ਮੁੰਤਜ਼ਿਮ ਦੇਖ ਅਲਫ਼ਾਜ਼ ਮੇਰੇ ਭੁੱਲਣ ਨਹੀਂ ਮਜ਼ਮੂਨ ਕਰਾਰਿਆਂ ਨੂੰ।
ਜਿੱਨ੍ਹਾਂ ਤੀਰ ਫ਼ਿਰਾਕ ਦੇ ਜ਼ਖ਼ਮ ਚੱਲੇ ਅੱਖੀਂ ਧਰਨਗੇ ਜਿਗਰ ਦਿਆਂ ਪਾਰਿਆਂ ਨੂੰ।
ਕੁਰਬਾਨ ਹੋ ਰਹਿਣਗੇ ਅੰਤ ਇੱਕ ਦਿਨ ਤੇਰੇ ਵਸਲ ਦੇ ਦੇਖ ਉਲਾਰਿਆਂ ਨੂੰ।
ਦੁਨੀਆ ਦੇਖ ਨਾ ਭੁੱਲ ਸਦ ਰੰਗ ਵਸਦੀ ਮੁੜ ਮੁੜ ਝੱਲ ਪੈਰ ਪਸਾਰਿਆਂ ਨੂੰ।

3. ਵਾਅਦਾ 4. ਸਾਹਮਣੇ ਆਉਣਾ 5. ਡੁੱਬਣਾ 6. ਕਿਸੇ ਗੁਨਾਹ ਜਾਂ ਗ਼ਲਤੀ ਦਾ ਬਦਲਾ ਦੇਣਾ, 7. ਮਿੱਠਾ ।

ਮੈਅਮਾਰ ਤਕਦੀਰ ਦਾ ਮੋਰੀਆਂ ਥੀ ਅਟਾ ਲਾਂਵਦਾ ਸਰੀਂ ਚੁਬਾਰਿਆਂ ਨੂੰ।
ਸਾਵਣ ਕੜਕ ਬਿਆਸ ਉਲਾਰਿਆ ਏ ਰੋੜ੍ਹ ਖੜੇਗਾ ਸੋਮ ਦਿਆਂ ਕਿਆਰਿਆਂ ਨੂੰ।
ਲੇਖਾ ਸਖ਼ੀ ਤੇ ਸੋਮ ਦਾ ਸਾਲ ਪਿੱਛੇ ਕਈ ਹੱਥ ਮਿਲਸਨ ਰੱਦੀਆਂ ਧਾਰਿਆਂ ਨੂੰ।
ਗ਼ਾਫ਼ਿਲ ਹਾਲ ਇਨਸਾਨ ਬੇਖ਼ਬਰ ਫਿਰਦਾ ਢੋਈ ਨਹੀਂ ਹਜ਼ੂਰ ਸੰਗਾਰਿਆਂ ਨੂੰ।
ਓਗਤ ਇਸ਼ਕ ਬਾਝੋਂ ਦਮ ਜ਼ਿੰਦਗੀ ਦੇ ਖ਼ਬਰ ਕਰੋ ਨਾਮੂਸ ਸਵਾਰਿਆਂ ਨੂੰ।
ਡਾਂਵਾਂ ਡੋਲ ਹੋ ਕੇ ਫਿਰਦੇ ਵਿਚ ਗਲੀਆਂ ਦੋਵੇਂ ਜੱਗ ਥੀਂ ਦੇਖ ਨਿਆਰਿਆ ਨੂੰ।
ਜਿਨ੍ਹਾਂ ਕੌਲ ਕਰਾਰ ਨੂੰ ਪਾਲਿਆ ਏ ਸ਼ਾਬਾਸ਼ ਕਹਿਣਗੇ ਉਨ੍ਹਾਂ ਸੱਚਾਰਿਆਂ ਨੂੰ।
ਮੱਲੇ ਵਾਸ ਉਜਾੜ ਜੱਗ ਵਸਦਿਆਂ ਨੇ ਲਾਂਬੋ ਲਾ ਮਹਲ ਮੁਨਾਰਿਆਂ ਨੂੰ।
ਸਾਨੂੰ ਸੋਹਣੇ ਦੀ ਚੀਟਕੋਂ ਚਿਰੰਗ ਵੱਜੀ ਵਾਹ ਵਾਹ ਜਾਲ ਗਿਆ ਬਰਫ਼ ਦੇ ਠਾਰਿਆਂ ਨੂੰ।
ਮੈਨੂੰ ਸਦ ਮੰਗਾ ਦਰਬਾਰ ਸ਼ਾਹਾ, ਮੈਂ ਵੱਲ ਫ਼ਜ਼ਲ ਦੇ ਘੱਲ ਹਰਕਾਰਿਆਂ ਨੂੰ।
ਸ਼ੀਰੀਂ[7] ਬਦਲੋਂ ਭਰਪੂਰ ਕਰ ਸ਼ਾਖ਼ ਦਿਲ ਦੀ ਸਰਸਬਜ਼ ਕਰ ਇਨ੍ਹਾਂ ਕੰਡਿਆਰਿਆਂ ਨੂੰ।
ਸਾਂਭ ਰੱਖ ਨਿਗਾਹ ਵਿਚ ਛੋੜ ਨਾਹੀਂ ਸੱਚੇ ਦਰਦ ਦੇ ਲਾਸ ਉਭਾਰਿਆਂ ਨੂੰ।
ਵਕਤ ਗਿਆ ਤੇ ਫੇਰ ਪਛਤਾਵਣਾ ਏਂ ਅੰਤ ਲੱਭਣਾਂ ਦਰਦ ਦੇ ਚਾਰਿਆਂ ਨੂੰ।
ਚਾਰਾ ਦਰਦ ਦਾ ਫੇਰ ਕਦ ਹੱਥ ਆਵੇ ਸੀਨੇ ਝੱਲਣਾ ਪਵੇ ਸ਼ਰਾਰਿਆਂ ਨੂੰ।
ਮੇਰੇ ਹੀਰਿਆ ਸਮਝ ਇਸ਼ਾਰਿਆਂ ਨੂੰ ਅਜੇ ਸਮਝ ਕੇ ਵਰਤ ਵਰਤਾਰਿਆਂ ਨੂੰ।

**ਰਦੀਫ਼-2**

ਅਸੀਂ ਭੁੱਲ ਪਰੀਤ ਕਿਉਂ ਪਾ ਬੈਠੇ ਦੇਖ ਮਕਰ ਦੇ ਫ਼ਕਰ ਦਿਆਂ ਬਾਨਿਆਂ ਨੂੰ।
ਜਿਹੜੀ ਹੋਣੀ ਸੀ ਸੋਈ ਹੋ ਗਿਆ ਕੌਣ ਮੋੜਦਾ ਰੱਬ ਦੇ ਭਾਣਿਆਂ ਨੂੰ।
ਤੇਜ਼ ਧਾਰ ਤਲਵਾਰ ਫ਼ਿਰਾਕ ਦੇ ਦੀ ਵੱਗੀ ਗ਼ੈਬ ਥੀਂ ਦਰਦ ਸਤਾਨਿਆਂ ਨੂੰ।
ਘਾਇਲ ਦੀਦ ਦੇ ਨੈਣ ਹੈਰਾਨ ਹੋਏ ਅੱਜ ਰੋਂਵਦੇ ਵਕਤ ਵਹਾਨਿਆਂ ਨੂੰ।
ਏਸ ਇਸ਼ਕ ਦੀ ਕਾਰ ਗੁਜ਼ਾਰੀਆਂ ਦੀ ਕਾਹਨੂੰ ਖ਼ਬਰ ਸੀ ਅਸਾਂ ਅਯਾਨਿਆਂ ਨੂੰ।
ਦੁਨੀਆ ਕੂੜ ਦਾ ਵਾਸ ਪਰਦੇਸ ਹੋਇਆ ਦਮਦਮ ਜਿਨ੍ਹਾਂ ਦਾ ਕਸਦ ਚਲਾਣਿਆਂ ਨੂੰ।
ਟੁੱਟ ਜੁਮਾ ਥੀਂ ਵਿਚ ਤਫ਼ਰੀਕ ਰੁੱਜੇ ਆਖ਼ਿਰ ਰੋਣਗੇ ਛੋੜ ਟਿਕਾਣਿਆਂ ਨੂੰ।
ਦੁਨੀਆ ਰੰਗ ਬਿਰੰਗ ਦੀਆਂ ਲੱਜ਼ਤਾਂ ਏ ਖਾਨਾ ਇਸ਼ਕ ਦਾ ਇਸ਼ਕ ਰਨਜਾਣਿਆਂ ਨੂੰ।
ਜਜਮਾਨਾਂ ਦਾ ਨੀਂਦਰਾ ਪਾਹਦਿਆਂ ਨੂੰ ਜੁਮੇਰਾਤ ਦਾ ਖ਼ਤਮ ਮੁਲਾਣਿਆਂ ਨੂੰ।
ਬੋਲ ਰੋਗੀਆਂ ਦਾ ਵਿਚ ਬੋਤਲਾਂ ਦੇ ਤਸਾਂ ਦੇਂਵਦਾ ਵੈਦ ਸਿਆਣਿਆਂ ਨੂੰ।
ਅਜੇ ਵਕਤ ਹੈ ਗ਼ਾਫ਼ਿਲਾ[8] ਸਮਝ ਜਾਈਂ ਕਾਹਨੂੰ ਬੀਜਣਾ ਭੁੰਨਿਆ ਦਾਣਿਆਂ ਨੂੰ।
ਪੱਲਾ ਪਕੜ ਮਹਿਬੂਬ ਦਾ ਗੁੰਮ ਜਾਈਂ ਥਾਉਂ ਨਹੀਂ ਦਰਗਾਹ ਥੀਂ ਰਾਣੀਆਂ ਨੂੰ।
ਇਸ਼ਕ ਆਪ ਮੁੜਦਾ ਜੈਂ ਵੱਲ ਵਸਲ ਨਾਹਾਂ ਮਿਲੇ ਸਾਰ ਦਰਬਾਰ ਸਧਾਣਿਆਂ ਨੂੰ।
ਲਾਵਣਹਾਰ ਚਾਹੀਏ ਵਫ਼ਾਦਾਰ ਪੂਰਾ ਕੋਈ ਪੁੱਛਦਾ ਨਹੀਂ ਘਰਾਣਿਆਂ ਨੂੰ।
ਪਰਵਾਹ ਕੀ ਇਨ੍ਹਾਂ ਨੂੰ ਵਾਲੀਆ ਓਏ ਤੇਰਾ ਮਾਣ ਹੈ ਜਿਨ੍ਹਾਂ ਨਿਮਾਣਿਆਂ ਨੂੰ।
ਤੂੰ ਹੀ ਤੂੰ ਪੁੱਛਾਂ ਵਿਚ ਵੱਸਦਾ ਹੈਂ ਬੈਠ ਆਪਣਾ ਆਪ ਪਛਤਾਣਿਆਂ ਨੂੰ।
ਆਜ਼ਾਦੀਆਂ ਸਿਦਕ ਦਿਆਂ ਪੂਰਿਆਂ ਨੂੰ ਸਤ ਹਰਫ਼ ਨਜ਼ੂਲ[9] ਵਣਜਾਣਿਆਂ ਨੂੰ।
ਸੂਰਜ ਚੜ੍ਹੇ ਤੇ ਯਾਦ ਥੀਂ ਭੁੱਲ ਜਾਂਦੀ ਕਾਲੀ ਰੈਣ ਦੀ ਚਮਕ ਟੁਟਾਣਿਆਂ ਨੂੰ।
ਤੇਰਾ ਨੂਰ ਜ਼ਹੂਰ ਮਨਜ਼ੂਰ ਨਾਹੀਂ ਘੱਟਾ ਗ਼ਫ਼ਲਤਾਂ ਦਾ ਅਖੀਂ ਛਾਣਿਆਂ ਨੂੰ।
ਕਾਸਦ ਯਾਰ ਦੇ ਤੇ ਜਿੰਦ ਵਾਰ ਆਖਾਂ ਦਿਲੋਂ ਤੋੜਿਆ ਕੁਫ਼ਰ ਦਿਆਂ ਥਾਣਿਆਂ ਨੂੰ।
ਜਿਸ ਜਿਸਮ ਨੂੰ ਹੀਰਿਆ ਪਾਲਣਾ ਏਂ ਗੁਜ਼ਰਾਣਿਆ ਕਿਰਮ[10] ਦੇ ਖਾਣਿਆਂ ਨੂੰ।
ਰੰਗ ਭਰੇ ਜਵਾਨੀ ਦਿਆਂ ਬਾਅਦ ਰੰਗਾਂ ਰੰਗ ਝੂਰਸੇਂਗਾਂ ਰੰਗਾ ਮਾਣਿਆਂ ਨੂੰ।

---

੮. ਸੁਸਤ ਜਾਂ ਗ਼ਲਤੀ ਕਰਨ ਵਾਲਾ, 9. ਉਤਰਣ ਵਾਲਾ।

ਰੰਗ ਮਾਣ ਲੈ ਮੇਰਿਆ ਹੀਰਿਆ ਓ ਧਰ ਤਾਜ਼ਿਆਂ ਜ਼ੈਨ ਉਲਾਹਿਆਂ ਨੂੰ।
ਛੱਡ ਫ਼ਨ ਫ਼ਰੇਬ ਹੁਣ ਰੋਕ ਨਾਹੀਂ ਸਿਰੋਂ ਬਿਰਹੋਂ ਦੇ ਲਸ਼ਕਰਾਂ ਧਾਹਿਆਂ ਨੂੰ।
ਕਿੰਨੇ ਨਹੀਂ ਵਹਾਜਣਾਂ ਦਾਮ ਦੇ ਕੇ ਉਨ੍ਹਾਂ ਖ਼ਲੜਾਂ ਪਿਆ ਪੁਰਾਣਿਆਂ ਨੂੰ।
ਸੁਣ ਕੂਚ ਦੀ ਕੂਕ ਛੱਡ ਜਾਵਣਾ ਏਂ ਧੂਲਰ ਧਾਣਿਆਂ ਦੇ ਤੰਬੂ ਤਾਣਿਆਂ ਨੂੰ।

## ਰਦੀਫ਼-3

ਅਹਿਲ-ਏ-ਦਿਲਾਂ[11] ਦੇ ਦਿਲਾਂ ਨੂੰ ਜਾਣ ਮੀਆਂ ਅਰਸ਼ ਪਾਕ ਕਰੀਮ ਰਹਿਮਾਨ[12] ਦਾ ਏ।
ਬੇਦਰਦ ਦਿਲ ਦੂਰ ਉਸ ਮਰਤਬੇ ਤੋਂ ਜਿਵੇਂ ਫ਼ਰਕ ਜ਼ਮੀਨ ਆਸਮਾਨ ਦਾ ਏ।
ਜਾਮਿਅ ਅਰਸ਼ ਤੇ ਫ਼ਰਸ਼ ਹਰ ਰੰਗ ਉਸ ਦਾ ਇਹ ਮਰਤਬਾ ਖ਼ਾਸ ਇਨਸਾਨ ਦਾ ਏ।
ਜੇ ਤੇ ਅਰਸ਼ ਨਾਹੀਂ ਦਿਲ ਆਸ਼ਿਕਾਂ ਦਾ ਫੇਰ ਹੌਸਲਾ ਹੋਰ ਕਿਸ ਸ਼ਾਨ ਦਾ ਏ।
ਸੀਨੇ ਤਿਨ੍ਹਾਂ ਦੇ ਆਬ-ਏ-ਹਯਾਤ ਰੱਸਦਾ ਦਿਲ ਜਿਨ੍ਹਾਂ ਦਾ ਨੂਰ ਇਰਫ਼ਾਨ[13] ਦਾ ਏ।
ਤੁਰਦੀ ਠਾਠ ਜਮਾਲ ਜਲਾਲ ਦੀ ਤੇ ਹਰ ਆਨ ਮੁਸ਼ਾਹਿਦਾ[14] ਫ਼ਾਨ ਦਾ ਏ।
ਰਵਾਂ ਇਕ ਨਿਸ਼ਾਨ ਦੀ ਬਾਂਦੜੀ ਏ ਇਹ ਵਹਿਮ ਗੁਮਾਨ ਨਾਦਾਨ ਦਾ ਏ।
ਕੁੱਲ ਸ਼ੈਇ ਹਾਲਿਕ ਬਾਕੀ ਇਕ ਮਾਲਿਕ ਨਿਗਹਿਬਾਨ ਤਮਾਮ ਜਹਾਨ ਦਾ ਏ।
ਜੇ ਵੰਜ ਤਰਾ ਵਿਚ ਦੋਸਤੀ ਦੇ ਇਹ ਹੈ ਨਫ਼ਾ ਨਾ ਕੰਮ ਜ਼ਯਾਨ ਦਾ ਏ।
ਦਿਲਾਂ ਦਰਦ ਭਰਿਆਂ ਇਸ਼ਕ ਵਾਲਿਆਂ ਨੂੰ ਰੱਦ ਸੁੱਟਣਾ ਕੰਮ ਜ਼ਯਾਨ ਦਾ ਏ।
ਬੈਠੀਂ ਬੰਨ੍ਹ ਦਾਅਵਾ ਜੇ ਤੈਂ ਬੈਠ ਰਹਿਣਾ ਅਤੇ ਹੌਸਲਾ ਨੈਣ ਪ੍ਰਾਣ ਦਾ ਏ।

## ਰਦੀਫ਼-4

ਗਹਿ ਗੁੱਟ ਵਿਚ ਨੀਂਦ ਦੇ ਸੁੱਤਿਆਂ ਨੂੰ ਚੋਬਕ ਇਸ਼ਕ ਦੀ ਟੁੰਬ ਜਗਾ ਗਿਆ।
ਸਾਡੀ ਨੀਂਦ ਦਾ ਨਸ਼ਾ ਗਵਾ ਗਿਆ ਹਥੀਂ ਪਕੜ ਚਵਾਤੀਆਂ ਲਾ ਗਿਆ।
ਚਸ਼ਮ ਰੰਗਲੀ ਯਾਰ ਰੰਗੀਲੜੇ ਦੀ ਚਮਕਾਂ ਦੇ ਦਿਲ ਜਾਨ ਭਰਮਾ ਗਿਆ।
ਕੁੰਡਲਦਾਰ ਦੋ ਜ਼ੁਲਫ਼ ਦੇ ਵਲਾਂ ਅੰਦਰ ਦਿਲ ਕੈਦ ਕਰ ਪੇਚ ਪਿਹਾ ਗਿਆ।
ਹੈਰਤਨਾਕ ਨਦੀ ਭਾਰੇ ਸਿਲਸਲੇ ਦੀ ਚੜ੍ਹੀ ਠਾਠ ਤੇ ਠਾਠ ਚੜ੍ਹਾ ਗਿਆ।
ਮਸਤਾਨੜੇ ਨੈਣ ਦੀ ਧਾਰ ਕਾਲੀ ਕਾਰੀ ਤੇਗ਼ ਮੈਦਾਨ ਚਲਾ ਗਿਆ।
ਸੋਹਣੇ ਯਾਰ ਦੇ ਜਲਵਿਓਂ ਲਾਟ ਚਮਕੀ ਲਾਂਬੂ ਬਾਲ ਕਲੇਜੜਾ ਤਾ ਗਿਆ।
ਝੁੱਲੀ ਬਾਦ-ਏ-ਸਰਸਰ ਗੂਹੜ ਹੈਰਤਾਂ ਦੇ ਵਿਚ ਗਰਦ ਗ਼ੁਬਾਰ ਉਡਾ ਗਿਆ।
ਹੈਰਾਨੀ ਦੇ ਵਿਚ ਸਮੁੰਦਰਾਂ ਦੇ ਬੇੜਾ ਰੋੜ੍ਹ ਘੁੱਮ ਘੇਰ ਰੋੜ੍ਹਾ ਗਿਆ।
ਇਕ ਨਜ਼ਰ ਮਹਿਬੂਬ ਲਡਕੜੇ ਦੀ ਲੂੰ ਲੂੰ ਵਿਚ ਤਾਸੀਰ ਰਚਾ ਗਿਆ।
ਸੁੱਧ ਬੁੱਧ ਦਾ ਨਾਮ ਭੁਲਾ ਗਿਆ ਹਰ ਰੰਗ ਵਿਚ ਧੂਮ ਮਚਾ ਗਿਆ।
ਦੁਨੀਆ ਪਾਪ ਅਪਰਾਧ ਦੇ ਸਭ ਵਾਜੇ ਵਾਰੋ ਵਾਰ ਵਜਾ ਸਧਾ ਗਿਆ।
ਕੁਝ ਅਜੇ ਸਧਾਂਦੜੇ ਜਾਵਣ ਦੇ ਨੇ ਜਾਨੋਂ ਖ਼ਾਕ ਦਰ ਖ਼ਾਕ ਸਮਾ ਗਿਆ।

## ਰਦੀਫ਼-5

ਤੇਰਾ ਵਾਸ ਵੱਸੇ ਵੇ ਤੂੰ ਜੁਗ ਜੀਵੇਂ ਕਦੀ ਮੋੜ ਮੁਹਾਰ ਦੁੱਖ ਦੇਖ ਮੇਰਾ।
ਨਗਰੀ ਸੁੰਞ ਵੱਸਦੀ ਜੇ ਤੂੰ ਵਿਚ ਨਾਹੀਂ ਮੈਂ ਵੱਲ ਫ਼ਜ਼ਲ ਦੀ ਨਜ਼ਰ ਦਾ ਘੱਤ ਫੇਰਾ।
ਉਹਨਾਂ ਦਿਲਾਂ ਦੀ ਸ਼ਾਨ ਬਿਆਨ ਨਾਹੀਂ ਦਮਦਮ ਜਿਨਾਂ ਨੂੰ ਸ਼ੌਕ ਧਿਆਨ ਤੇਰਾ।
ਪੰਧ ਇਸ਼ਕ ਚਲੇਂਦਿਆਂ ਉਮਰ ਗਿਆ ਅਜੇ ਸੋਹਣੇ ਦਾ ਸੁਣੀਦਾ ਦੂਰ ਡੇਰਾ।

## ਰਦੀਫ਼-6

ਸਾਡਾ ਵੱਸ ਹੁੰਦਾ ਜਦੋਂ ਲੱਗੀਆਂ ਸੀ ਹੱਥ ਪਾਂਵਦੇ ਸਮਝ ਅਮਾਨਤਾਂ ਨੂੰ।
ਸਾਡੇ ਵੱਸ ਥੀਂ ਗੱਲ ਬੇਵੱਸ ਹੋਈ ਪਕੜੇ ਜਾਵਣਾਂ ਪਿਆ ਖ਼ਿਆਨਤਾਂ ਨੂੰ।

10. ਸਿਉਂਕ, 11. ਦਿਲ ਵਾਲੇ, 12. ਰਹਿਮ ਕਰਨ ਵਾਲਾ, 13. ਇਲਮ ਜਾਂ ਗਿਆਨ, 14. ਗੁਹ ਨਾਲ ਵਾਚਣਾ।

ਹੁਣ ਤੋੜ ਨਾਹੀਂ ਹੱਥ ਜੋੜ ਨਾਹੀਂ ਸਾਡੀਆਂ ਰੱਖ ਸੰਭਾਲ ਦਿਆਨਤਾਂ ਨੂੰ।
ਜੇ ਤੂੰ ਧੱਕ ਸੁੱਟੇ ਸਾਨੂੰ ਹੋਗ ਮੁਸ਼ਕਿਲ ਜਣੇ ਖਣੇ ਦੀਆਂ ਸਹਿਣ ਅਹਾਨਤਾਂ ਨੂੰ।

**ਰਦੀਫ਼-7**

ਤੈਨੂੰ ਨਹੀਂ ਪਰਵਾਹ ਮੈਂ ਵਰਗਿਆਂ ਦੀ ਤੇਰੇ ਜਿਹਾ ਮੈਨੂੰ ਕੋਈ ਹੋਰ ਨਾਹੀਂ।
ਤੈਨੂੰ ਹੋਰ ਲੱਖਾਂ ਮੈਨੂੰ ਇਕ ਤੂੰਹੀਂ ਐਪਰ ਹੱਥ ਮੇਰੇ ਦਿਲ ਦੀ ਡੋਰ ਨਾਹੀਂ।
ਹੱਥ ਤੁਸਾਂ ਦੇ ਦਿਲੇ ਦੀ ਡੋਰ ਸਾਡੀ ਧਕ ਹੋਰ ਦਰਬਾਰ ਵੱਲ ਟੋਰ ਨਾਹੀਂ।
ਕੱਢੀਂ ਧੱਕ ਫ਼ਰਿਆਦ ਨੂੰ ਥਾਂ ਨਾਹੀਂ ਸੁਨਣਾ ਕਿਸੇ ਨੇ ਦਰਦ ਦਾ ਸ਼ੋਰ ਨਾਹੀਂ।
ਜੇ ਤੂੰ ਕਰੇਂ ਮਨਜ਼ੂਰਿਓਂ ਦੂਰ ਆਪੇ ਬੇ ਜ਼ੋਰਿਆਂ ਦਾ ਕੋਈ ਜ਼ੋਰ ਨਾਹੀਂ।
ਗੋਰੋਂ ਦੂਰ ਜਾਵਣ ਜਿਨ੍ਹਾਂ ਦਰਦ ਨਾਹੀਂ ਬੇਦਰਦ ਨੂੰ ਝੱਲਦੀ ਗੋਰ ਨਾਹੀਂ।

**ਰਦੀਫ਼-8**

ਸੁੱਖ ਵੇਚ ਕੇ ਦਰਦ ਵਹਾਜ ਮੀਆਂ ਜੇ ਹੈ ਇਸ਼ਕ ਦਾ ਤਲਬ ਮੁਕਾਮ ਤੈਨੂੰ।
ਝਾਤ ਘੱਤ ਨਾਹੀਂ ਵਿਹੜੇ ਆਸ਼ਿਕਾਂ ਦੇ ਹੈ ਤਲਬ ਦਿਲ ਨੰਗ ਤੇ ਨਾਮ ਤੈਨੂੰ।
ਯਕਰੰਗੀ ਦੇ ਰੰਗ ਵਿਚ ਰੰਗ ਹੋ ਜਾ ਯਕਰੰਗ ਹੋਸੀ ਸੁਬਹ ਸ਼ਾਮ ਤੈਨੂੰ।
ਦੇਖ ਇਸ਼ਕ ਦੀਆਂ ਕਾਰ ਗੁਜ਼ਾਰੀਆਂ ਨੂੰ ਭੁੱਲ ਜਾਣ ਕੇ ਕਾਰ ਤਮਾਮ ਤੈਨੂੰ।

**ਰਦੀਫ਼-9**

ਇਹ ਹੈ ਇਸ਼ਕ ਬਰਾਤ ਮਸਤਾਨਿਆਂ ਨੂੰ ਜਿਨ੍ਹਾਂ ਨੰਗ ਨਾਮੂਸ ਡਬੋਣਾ ਏ।
ਅਲਮਾਸ ਕਰਕੇ ਨੋਕ ਕਲਮ ਦੀ ਨੂੰ ਯਾਕੂਤ ਸਰਸ਼ਕ ਪਰੋਣਾ ਏ।
ਸੁੱਖ ਜੀਵੜਿਆਂ ਨੇ ਦੁੱਖ ਝਲਣਾ ਕੀ ਕਿਨੇ ਅਲਕ ਨੂੰ ਹਲ ਨਾ ਜੋਵਣਾ ਏ।
ਪੱਥੇ ਲਗਦੇ ਚੱਕੀਆਂ ਭਾਰੀਆਂ ਨੂੰ ਅੰਤ ਜਿਨਾਂ ਦੇ ਪੂਰਿਆਂ, ਝੋਵਣਾ ਏ।
ਜਿਨ੍ਹਾਂ ਛੋੜ ਮਹਿਬੂਬ ਵੱਲ ਗ਼ੈਰ ਜਾਤਾ ਵੱਲ ਦੋਜ਼ਖ਼ਾਂ ਤਿਨਾਂ ਨੂੰ ਢੋਵਣਾ ਏ।
ਪੂਰਾ ਤੋਲ ਮੰਗਦੀਆਂ ਸੋਕਨਾਂ ਨੇ ਛਾਬੇ ਅਦਲ ਦੇ ਨਹੀਂ ਖਲੋਵਣਾ ਏ।
ਗਰਦਿਸ਼ ਦੂਰ ਦੁਆਰ ਦੀ ਸਾਜ਼ਗਾਰੀ ਤਲਬ ਕਰਦਿਆਂ ਰੂ ਮੁੱਖ ਧੋਵਣਾ ਏ।
ਧਰ ਅਸਰਾ ਅਹਿਦ ਦੇ ਪਾਪੀਆਂ ਦਾ ਇਕਨਾਂ ਗ਼ਾਫ਼ਿਲਾਂ ਵਕਤ ਵਗੋਵਣਾ ਏ।
ਕਿਨੇ ਬੁਰਾ ਕਹਿਣਾ ਕਿਨੇ ਭਲਾ ਕਹਿਣਾ ਇੱਕੋ ਜਿਹਾ ਜਹਾਨ ਨਾ ਹੋਵਣਾ ਏ।
ਦੇਖ ਖ਼ਤ ਗ਼ੁਲਾਮ ਰਸੂਲ ਦੇ ਨੂੰ ਕਿਨੇ ਹੱਸਣਾ ਤੇ ਕਿਨੇ ਰੋਵਣਾ ਏ।

**ਰਦੀਫ਼-10**

ਹੁਸਨ-ਏ-ਯਾਰ ਮਫ਼ਤੂਨ ਬੇ-ਹਾਲ ਆਸ਼ਿਕ ਮਨਸਬਦਾਰ ਤਹਿਮੀਦ[15] ਜੱਬਾਰ[16] ਦਾ ਏ।
ਬਹਿਰ ਕੌਨ-ਓ-ਮਕਾਨ ਦੇ ਸਿਲਸਲੇ ਦਾ ਇਸ ਤੇ ਹਮਦ ਦੀ ਲਹਿਰ ਲਿਸ਼ਕਾਰ ਦਾ ਏ।
ਅਹਿਮਦ ਮੁਸਤਫ਼ਾ ਸੱਯਦ-ਓਲ-ਮੁਰਸਲੀਨ ਹੈ ਮਤਲਾ ਫ਼ੈਜ਼ ਦੇ ਕੁੱਲ ਅਨਵਾਰ ਦਾ ਏ।
ਅਸਹਾਬ ਨਜੂਮ ਹੁੰਦਾ ਤਾਜ਼ੀ ਜ਼ੁਮਰਾ ਪਾਕ ਸਗ਼ਾਰ ਕਬਾਰ ਦਾ ਏ।
ਸਿਰ ਕੱਟ ਧਰ ਤਲੀ ਚੱਲ ਇਸ਼ਕ ਗਲੀ ਮਨ ਚਾਓ ਜੇ ਦਿਲਾ ਦੀਦਾਰ ਦਾ ਏ।
ਪਿੱਟ ਸੌਕਨਾਂ ਨੂੰ ਰੋ ਸੱਜਣਾ ਨੂੰ ਵੈਣ ਹੋਰ ਦੇ ਤੇ ਦੁੱਖ ਯਾਰ ਦਾ ਏ।
ਮੇਰੇ ਦੁੱਖ ਸੁੱਖ ਗਏ ਕੁਰਬਾਨ ਦੋਵੇਂ ਜਾਂ ਤੇ ਵੱਜਿਆ ਜ਼ਖ਼ਮ ਤਲਵਾਰ ਦਾ ਏ।
ਇਕ ਨਸ਼ੇ ਦੀ ਝੋਕ ਸੰਤੋਖ ਦਿਲ ਨੂੰ ਦੁੱਖ ਸੁੱਖ ਸਭ ਮੁੱਖ ਦਿਲਦਾਰ ਦਾ ਏ।
ਸਾਡੇ ਰੋਨੇ ਤੇ ਤੁਸੀਂ ਹੱਸਨਾ ਈ ਜੀਵੜਾ ਵਹਿਮ ਦੇ ਕੋਟ ਉਸਾਰ ਦਾ ਏ।
ਯਕਰੰਗੀ ਦੀ ਨਹਿਰ ਦੀ ਲਹਿਰ ਅੰਦਰ ਜੀਵੜਾ ਖ਼ੁਸ਼ਕ ਲਬ ਯੋਮ[17] ਇਕਰਾਰ ਦਾ ਏ।
ਨਸੀਰਿਆ ਮੇਰਿਆ ਹੀਰਿਆ ਓ ਸਾਨੂੰ ਫ਼ਿਕਰ ਤੁਰ ਗਏ ਬੀਮਾਰ ਦਾ ਏ।
ਸਾਥੀਂ ਹੋ ਰੁਖ਼ਸਤ ਗਿਓਂ ਦੁੱਖ ਭਰਿਆ ਕੀਤਾ ਫ਼ਿਕਰ ਮੁੜ ਖ਼ਬਰ ਨਾ ਸਾਰ ਦਾ ਏ।

15. ਮਨਸਬ ਜਾਂ ਉਹਦੇ ਵਾਲਾ, 16. ਜਬਰ ਕਰਨ ਵਾਲਾ, 17. ਦਿਨ,

ਨਾ ਤੂੰ ਖ਼ਬਰ ਘੱਲੀ ਨਾ ਤੂੰ ਆਪ ਆਇਆ ਦਰਦ ਅੱਖੀਆਂ ਨੂੰ ਇੰਤਜ਼ਾਰ ਦਾ ਏ।
ਕੀ ਜਾਨੀਏ ਜਾਨੀਆਂ ਜੀਵਣਾਂ ਏਂ ਯਾ ਤੇ ਸਫ਼ਰ ਕਰ ਗੁਜ਼ਰਿਓਂ ਪਾਰ ਦਾ ਏ।
ਜੇ ਤੂੰ ਪਾਰ ਜਾ ਬੋਲਿਓਂ ਸੱਜਣਾਂ ਓਏ ਇਹ ਲੈ ਅਸਾਂ ਕਦ ਸ਼ੌਕ ਅਗਾਰ ਦਾ ਏ।
ਠੰਡੀ ਇਮਲੀ ਦੀ ਛਾਵੇਂ ਬੈਠ ਭਾਵੇਂ ਤਾਂ ਵੀ ਜ਼ੋਰ ਤੈਨੂੰ ਖ਼ਲਤਾਂ ਚਾਰ ਦਾ ਏ।
ਆ ਜੀਊਂਦੇ ਜੀ ਮਿਲ ਸਬਰ ਆਵੇ ਤਰਸੰਦੜਾ ਜੀ ਦੁੱਖ ਯਾਰ ਦਾ ਏ।
ਜਾਲੰਧਰੋਂ ਚੱਲ ਆ ਪਾਸ ਮੇਰੇ ਤੈਨੂੰ ਖ਼ੌਫ਼ ਕਿਸ ਚੋਰ ਚਕਾਰ ਦਾ ਏ।
ਵੈਰੀ ਗਏ ਅਲਾਲਪੁਰ ਧੋਗੜੀ ਨੂੰ ਆ ਵਕਤ ਹੁਣ ਸੈਰ ਬਾਜ਼ਾਰ ਦਾ ਏ।
ਮੱਛਰ ਸੋਕਿਆਂ ਬੈਟ ਦੇ ਵਿਚ ਛਿੰਬਾਂ ਸਾਵਣ ਮਾਹ ਏਧਰ ਠਾਠਾਂ ਮਾਰਦਾ ਏ।
ਸ਼ਾਇਦ ਦੇਖ ਮੁਸੀਬਤਾਂ ਕੰਬ ਗਿਓਂ ਇਹ ਕੰਮ ਕਦੋਂ ਵਫ਼ਾਦਾਰ ਦਾ ਏ।
ਵਫ਼ਾਦਾਰ ਹੈਂ ਤੇ ਝੱਲ ਭਾਰ ਸਿਰ ਤੇ ਵਫ਼ਾਦਾਰੀਆਂ ਝੱਲਣਾ ਭਾਰ ਦਾ ਏ।
ਵਾਏਂ ਠੰਡੀਆਂ ਤਾਜ਼ੀਆਂ ਝੁੱਲ ਰਹੀਆਂ ਇਹ ਫ਼ਾਇਦਾ ਬਟ ਦੱਯਾਰ ਦਾ ਏ।
ਨਦੀਆਂ ਵਹਿੰਦੀਆਂ ਚੱਟ ਝੱਲ ਪੁਰਾ ਪੱਛਮ ਜਲਿਆਂ ਬੁਝਿਆਂ ਦੇ ਸੀਨੇ ਠਾਰਦਾ ਏ।
ਪੱਤ ਪਿਪਲਾਂ ਦੇ ਵੱਜਣ ਤਾਰ ਉੱਤੇ ਕੂਕਣ ਕੋਇਲਾਂ ਵਕਤ ਬਹਾਰ ਦਾ ਏ।
ਸਬਜ਼ਾ ਜ਼ਾਰ[18] ਦੇ ਫ਼ਰਸ਼ ਖ਼ੁਸ਼ ਰੰਗ ਅਤੇ ਜ਼ਰੀਂ ਗ਼ੂਕ ਚਾਗੇਂਦ ਉੱਭਾਰ ਦਾ ਏ।
ਕਰਕੇ ਯਾਦ ਕਰਾਰ ਸੰਦੇਸ਼ਿਆਂ ਨੂੰ ਪਿਆ ਲੇਟਦਾ ਹਮਦ ਗੁਜ਼ਾਰ ਦਾ ਏ।
ਵਿਚ ਝਾਟਲੀ ਟਾਲੀਆਂ ਟੋਟਰੂ ਵੀ ਤਹਿਮੀਦ ਜੱਬਾਰ ਪੁਕਾਰ ਦਾ ਏ।
ਖ਼ਾਕਸਤਰੀ ਪੜੂਨ ਫ਼ਾਖ਼ਤਾ ਨੂੰ ਹੁਸਨ ਯਾਰ ਦੇ ਤੇ ਨਾਲਾ ਜ਼ਾਰ ਦਾ ਏ।
ਹੇਠ ਘਟਾ ਕਾਲੀ ਝੁਰਮਟ ਬਗਲਿਆਂ ਦਾ ਅਹਿਲ-ਏ-ਰਾਜ਼ ਦੇ ਰੋਸ਼ ਨਿਗਾਰ ਦਾ ਏ।
ਡੂੰਘੇ ਵਿਚ ਵਹਿਣਾ ਤਰਦੀ ਮੱਛੀਆਂ ਨੂੰ ਅਜੇ ਪਤਾ ਨਾ ਬਹਿਰ ਜਖ਼ੱਾਰ ਦਾ ਏ।
ਰੰਗੀਨ ਹੁਸਨ ਜਮਾਲ ਦੀਆਂ ਦੇਖ ਸ਼ਾਨਾ ਦੀਦ ਬਾਜ਼ ਵੀ ਜਾਨ ਨੂੰ ਵਾਰਦਾ ਏ।
ਆ ਦੇਖ ਖ਼ੁਸ਼ ਰੰਗੀਆਂ ਦੇ ਰੰਗ ਬਾਜ਼ਾ ਮਲਿਕ-ਉਲ-ਮੌਤ[19] ਵੀ ਖੜਾ ਲਲਕਾਰ ਦਾ ਏ।
ਛੱਡ ਮੌਤ ਦਾ ਖ਼ੌਫ਼ ਮਰ ਜਾਣਿਆ ਓ ਮਰ ਗੁਜ਼ਰਨਾ ਮੌਤ ਨੂੰ ਮਾਰ ਦਾ ਏ।
ਮਰੇ ਮੌਤ ਤੇ ਜ਼ਿੰਦਗੀ ਰਹੇ ਜ਼ਿੰਦਾ ਹੁਕਮ ਇਸ਼ਕ ਦੀ ਖ਼ਾਸ ਸਰਕਾਰ ਦਾ ਏ।
ਡਰਦਾ ਮੌਤ ਕੋਲੋਂ ਦੇਸ ਛੋੜ ਗਿਓਂ ਓੜਕਕਾਰ ਐਵੇਂ ਖ਼ਾਮ ਕਾਰ ਦਾ ਏ।
ਅਜੇ ਮੌਤ ਮਗਰੇ ਮੌਤੋਂ ਡਰਦਿਆ ਓਏ ਕਦ ਨਿਸਨਾਂ ਮੌਤ ਘਲਿਆਰ ਦਾ ਏ।
ਜੇ ਤੂੰ ਮੌਤ ਘਲਿਆਰਨੀ ਚਾਹੁਣਾ ਏਂ ਵੜਨਾ ਇਸ਼ਕ ਘਰਕਾਰ ਸਵਾਰ ਦਾ ਏ।
ਇਹ ਫ਼ਨ ਫ਼ਰੇਬ ਨਾ ਪੇਸ਼ ਜਾਂਦੇ ਰਾਜ਼ਦਾਨ ਖ਼ੁਦ ਰਾਜ਼ ਨਤਾਰਦਾ ਏ।
ਅੱਗੇ ਮਰਨ ਥੀਂ ਮਰਗ ਹੱਥ ਆਂਵਦੀ ਏ ਨਫ਼ਾ ਇਸ਼ਕ ਦੇ ਵੰਜ ਬਿਉਪਾਰ ਦਾ ਏ।
ਤੂੰ ਦੂਰ ਨਾ ਜਾ ਘਰ ਵੱਸੇ ਤੇਰਾ ਤਾਰਨਹਾਰ ਤੈਨੂੰ ਘਰ ਤਾਰਦਾ ਏ।
ਮੁੜ ਘੱਤ ਫੇਰਾ ਦੇਖ ਦੁੱਖ ਮੇਰਾ ਤੈਂ ਬਿਨ ਨਾਮ ਨਾ ਸਬਰ ਕਰਾਰ ਦਾ ਏ।
ਇਖ਼ਤਲਾਫ਼[20] ਅਲਫ਼ਾਜ਼[21] ਇੱਤਹਾਦ ਮਾਅਨੀ ਤੱਕ ਭੁਲਣਾ ਕੰਮ ਗ਼ੱਦਾਰ ਦਾ ਏ।
ਖ਼ੂਨੀ ਨੈਣ ਤਪੀਂਦੜੇ ਦੇਖ ਮੇਰੇ ਕੁੱਰਾ ਆਤਸ਼ੀਂ ਜਿਵੇਂ ਲੁਹਾਰ ਦਾ ਏ।
ਤੇਰੇ ਦੀਦ ਪਰੀਤ ਦੀਆਂ ਲੱਗੀਆਂ ਤੇ ਲਾਵਣਹਾਰ ਅੱਜ ਦੇਖ ਦਮ ਹਾਰ ਦਾ ਏ।
ਤੂੰ ਲਾਜ ਰੱਖ ਲੱਗੀਆਂ ਮੇਰੀਆਂ ਦੀ ਹੁਣ ਜੀਵੜਾ ਸਬਰ ਸਹਾਰਾਦਾ ਏ।
ਹੱਥ ਦਿਲੋਂ ਬੇ-ਵੱਸ ਦਿਲ ਗਿਆ ਹੱਥੋਂ ਸੁਰਮਾ ਚਸ਼ਮ ਦੁੱਖ ਭਰੇ ਗ਼ੁਬਾਰ ਦਾ ਏ।
ਗ਼ੁੰਚਾ ਦਲੀਦਾ ਵਿਚ ਫ਼ਿਰਾਕ ਤੇਰੇ ਸਦਮਾ ਗਾਹ ਬਲਾ ਦੀ ਖ਼ਾਰ ਦਾ ਏ।
ਖ਼ਾਰ ਖ਼ਾਰ ਹੋਇਆ ਦਿਲ ਵਿਚ ਦਰਦਾਂ ਫੇਰ ਅਜੇ ਰਦੀਫ਼ ਗੁਜ਼ਾਰ ਦਾ ਏ।

18. ਹਰਿਆਲੀ ਵਾਲੀ ਥਾਂ, 19. ਮੌਤ ਦਾ ਫ਼ਰਿਸਤਾ, 20. ਸਹਿਮਤ ਨਾ ਹੋਣਾ, ਅਸਿਹਮਤ, 21. ਲਫ਼ਜ਼ ਦਾ ਬਹੁਵਚਨ।

ਕਬਜ਼-ਉਲ-ਬਸਤ ਫ਼ਿਰਾਕ ਵਿਸਾਲ ਦੋਵੇਂ ਜੋਲਾਂਗਾਹ ਦੋ ਚਸ਼ਮ ਖ਼ੂਨ ਬਾਰ ਦਾ ਏ।
ਤੇਰੀ ਨਾਜ਼ ਅਦਾ ਦੀਆਂ ਸ਼ੋਖ਼ੀਆਂ ਥੀਂ ਸੀਨੇ ਮੇਰੇ ਵਿਚ ਜ਼ਖ਼ਮ ਕਟਾਰ ਦਾ ਏ।
ਖ਼ਾਕਸਾਰ ਜਾਂਬਾਜ਼ ਮੈਂ ਸੈਦ ਤੇਰਾ ਮੈਨੂੰ ਥਾਂ ਨਾ ਜ਼ਰਾ ਇਨਕਾਰ ਦਾ ਏ।
ਤੇਰਾ ਹੋ ਮੁੜ ਗ਼ੈਰ ਦੇ ਵੱਲ ਤੱਕੇ ਜਿਹੜਾ ਖ਼ੁਦੀ ਦੇ ਪੈਰ ਪਸਾਰ ਦਾ ਏ।
ਸ਼ੌਕਮੰਦ ਤੇਰਾ ਗ਼ੈਰੋਂ ਗੁਜ਼ਰ ਚੁੱਕਾ ਵਿੱਚੇ ਅਪਣਾ ਆਪ ਵਿਸਾਰ ਦਾ ਏ।
ਅਫ਼ਸੋਸ ਤੂੰ ਅਜੇ ਵੀ ਦੂਰ ਵੱਸੇਂ ਖ਼ਾਸਾ ਯਾਰ ਦਾ ਇਹ ਅਸਰਾਰ ਦਾ ਏ।
ਹੱਦ ਪਾਵਣੀ ਬੇਪਰਵਾਹੀਆਂ ਦੀ ਨਾ ਇਹ ਕਾਰ ਓਹਾਮ ਅਹਕਾਰ ਦਾ ਏ।
ਲੱਖਾਂ ਦਫ਼ਤਰਾਂ ਥੀਂ ਵਿਚ ਹਰਫ਼ ਪਹਿਲੇ ਗੁੰਮ ਜਾਵਣਾਂ ਕੰਮ ਹੁਸ਼ਿਆਰ ਦਾ ਏ।
ਮਸ਼ੱਾਕ ਤੇਰਾ ਭਾਵੇਂ ਜਾਨ ਵਾਰੇ ਇਹ ਵਾਰਨਾ ਕਿਸ ਮਿਕਦਾਰ ਦਾ ਏ।
ਤੂੰ ਮੰਨ ਨਾ ਮੰਨ ਮੈਂ ਤੇਰੀਆਂ ਓਏ ਮੈਨੂੰ ਦਰਦ ਦੇ ਸ਼ੌਕ ਇਜ਼ਹਾਰ ਦਾ ਏ।
ਭਾਵੇਂ ਅਰਜ਼ ਮਾਅਰੂਜ਼ ਦੀ ਨਹੀਂ ਹਾਜਤ ਦਿਲੋਂ ਕੱਢਣਾ ਦਰਦ ਅਨਜਾਰ ਦਾ ਏ।
ਤੇਰੇ ਸ਼ੌਕ ਦੀ ਕਾਰ ਗੁਜ਼ਾਰੀਆਂ ਤੇ ਨਹੀਂ ਟੁੱਟਣਾ ਜੋਸ਼ ਖ਼ੁਮਾਰ ਦਾ ਏ।
ਅੰਤ ਚਸ਼ਮ ਨੁਮਾਈਆਂ ਤੇਰੀਆਂ ਥੀਂ ਹੁੰਦਾ ਹੌਸਲਾ ਦੁਰ-ਏ-ਗੁਫ਼ਤਾਰ ਦਾ ਏ।
ਰਾਜ਼ਦਾਰਾਂ ਦੇ ਰਾਜ਼ ਵਿਚ ਸਿਆਣਿਆਂ ਦੇ ਹਮ ਰੰਗ ਜ਼ਰ ਵਿਚ ਅੱਯਾਰ ਦਾ ਏ।
ਨਾਹੀਂ ਸਮਝ ਗੁਫ਼ਤਾਰ[22] ਦੀ ਆਜਿਜ਼ਾ ਨੂੰ ਮਾਅਨੀ ਵਾਝ ਅਲਫ਼ਾਜ਼ ਵਿਚਾਰ ਦਾ ਏ।
ਇਹ ਕਾਰ ਰਮੂਜ਼[23] ਇਸ਼ਾਰ ਦਾ ਏ ਏਦੋਂ ਪਰੇ ਨਾ ਹੋਰ ਚਿਤਾਰ ਦਾ ਏ।
ਹੋਗ ਓਟ ਅਮਾਲ ਦੀ ਹੋਰਨਾਂ ਨੂੰ ਸਾਨੂੰ ਆਸਰਾ ਰੱਬ ਗ਼ੱਫ਼ਾਰ[24] ਦਾ ਏ।
ਲਈਂ ਵਾਚ ਪਿਆਰਿਆ ਮੇਰਿਆ ਓ ਇਹ ਖ਼ਤ ਕਿਸੇ ਗੁਨਹਗਾਰ ਦਾ ਏ।
ਗੁਨਹਗਾਰ ਦਾ ਏ ਤੇਰੇ ਯਾਰ ਦਾ ਏ ਨਾਦਾਰ ਦਾ ਏ ਗੁਨਹਗਾਰ ਦਾ ਏ।
ਖ਼ੁਸ਼ਹਾਲ ਪੁਰ ਦਰਦ ਬੀਮਾਰ ਦਾ ਹੈ ਗੂੜ੍ਹੀ ਨੀਂਦ ਵਿਚ ਪਏ ਬੇਦਾਰ[25] ਦਾ ਏ।

22. ਗੱਲ ਬਾਤ ਕਰਨ ਦਾ ਢੰਗ, 23. ਰਮਜ਼ਾਂ, 24. ਬਖ਼ਸ਼ਣਹਾਰ, 25. ਜਾਗਰੂਕ।

*****

## ਚਿੱਠੀ ਬਨਾਮ ਮੀਆਂ ਗ਼ੁਲਾਮ ਯਾਸੀਨ ਸਾਹਿਬਜ਼ਾਦਾ

ਇਹ ਉਹ ਚਿੱਠੀ ਹੈ ਜੋ ਮੌਲਵੀ ਸਾਹਿਬ (ਰਹਿ.) ਨੇ ਗ਼ੁਲਾਮ ਯਾਸੀਨ ਸਾਹਿਬ ਦੇ ਨਾਂ ਲਿਖੀ ਸੀ। ਗ਼ੁਲਾਮ ਯਾਸੀਨ ਆਲਮਪੁਰ ਦੇ ਪ੍ਰਸਿੱਧ ਦਰਵੇਸ਼ ਬਾਬਾ ਤਾਹਿਰ ਸ਼ਾਹ ਸਾਹਿਬ ਦੀ ਔਲਾਦ ਵਿਚੋਂ ਸਨ, ਜੋ ਆਲਮਪੁਰ ਨੂੰ ਛੱਡ ਕੇ ਖ਼ੁਰਸ਼ੀਦਪੁਰ ਨੇੜੇ ਮਹਿਦਪੁਰ, ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਵਿਚ ਜਾ ਵਸੇ ਸਨ। ਇਹ ਚਿੱਠੀ ਮੌਲਵੀ ਸਾਹਿਬ ਨੇ ਉਨ੍ਹਾਂ ਨੂੰ ਖ਼ੁਰਸ਼ੀਦਪੁਰ ਦੇ ਪਤੇ ਤੇ ਹੀ ਘੱਲੀ ਸੀ। ਇਸ ਚਿੱਠੀ ਵਿਚ ਬੈਟ ਇਲਾਕੇ ਦੇ ਆਰਥਿਕ ਜੀਵਣ ਦਾ ਪੂਰਾ ਪੂਰਾ ਨਕਸ਼ਾ ਪੇਸ਼ ਕੀਤਾ ਗਿਆ ਹੈ।ਦੁਨੀਆਵੀ ਜ਼ਿੰਦਗੀ ਦੀ ਖ਼ੁਸ਼ਹਾਲੀ ਅਤੇ ਬਦਹਾਲੀ ਦੇ ਦੋਹਾਂ ਪਹਿਲੂਆਂ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਚਿੱਠੀ ਇੰਨੀ ਦਰਦ ਭਰੀ ਹੈ ਕਿ ਜੇਕਰ ਇਨਸਾਨ ਦੇ ਸੀਨੇ ਵਿਚ ਪੱਥਰ ਦਾ ਦਿਲ ਨਾ ਹੋਵੇ ਤਾਂ ਇਸ ਨੂੰ ਪੜ੍ਹ ਕੇ ਹੰਝੂਆਂ ਭਰੀ ਖ਼ਿਰਾਜ ਪੇਸ਼ ਕਰਨ ਬਗ਼ੈਰ ਨਹੀਂ ਰਹਿ ਸਕਦਾ:

ਦਰਦੀਂ ਪਲਿਆ ਦੁਖੀਂ ਜਲਿਆ ਤੇਲ ਫ਼ਿਰਾਕੀਂ ਤਲਿਆ।
ਆਹੀਂ ਜਲਿਆ ਸਬਰੀਂ ਘੁਲਿਆ ਤਾਬ ਉਡੀਕਨ ਚੱਲਿਆ।
ਹਿਜਰ ਨਹਿਲਾਈਆਂ ਰਾਤਾਂ ਦੇ ਵਿਚ ਬਹਿ ਬਹਿ ਰੋਇਆ ਹੋਇਆ।

ਅਦਮ ਤਕੱਲੁਫ਼ ਦੇ ਵਿਚ ਨਦੀਆਂ ਮਲ ਮਲ ਧੋਇਆ ਹੋਇਆ।
ਹੁੱਬ[1] ਅਲੱਾਹ ਦੀ ਵਿਚ ਰਿਸ਼ਤੇ ਵੰਨ ਪਰੋਇਆ ਹੋਇਆ।
ਬੱਧੇ ਹੱਥ ਮੁਕਾਮ ਅਦਬ ਦੇ ਚੁਸਤ ਖਲੋਇਆ ਹੋਇਆ।
ਸੁਣ ਅਖ਼ਵਾਸ[2] ਦੋ ਰਹਿਮਤ ਬਰਕਤ ਹੋ ਗਿਆ ਮਤਵਾਲਾ।
ਅਰਜ਼ ਸਲਾਮ ਬੰਦੇ ਦਾ ਤੈਂ ਵੱਲ ਲਿਖੀਆਂ ਸਿਫ਼ਤਾਂ ਵਾਲਾ।
ਉੱਠ ਦਰਦਾਂ ਵੱਗ ਸੀਨੋਂ ਬਾਹਰ ਨਾਲ ਪਯਾਮ ਪਯਾਮੇ।
ਖ਼ੂਨ ਜਿਗਰ ਸਿਰ ਚਾੜ੍ਹ ਕਲਮ ਦੇ ਭਰ ਮੇਰੇ ਵਿਚ ਨਾਮੇ।
ਆਹ ਛਿੱਟੇ ਜਲ ਜਾਵੇ ਕਾਗ਼ਜ਼ ਯਾ ਇਹ ਕਾਨ ਕਮੀਨਾ।
ਵਿਚ ਫ਼ਿਰਾਕ[3] ਤੇਰੇ ਦੇ ਮੇਰਾ ਜਿਗਰ ਜਲੇ ਯਾ ਸੀਨਾ।
ਆਬ ਸਿਰੋਂ ਝੱਲ ਰੋੜ੍ਹੀ ਉਦਾਸੀ ਵਿੱਚੇ ਗਈ ਤਸੱਲੀ।
ਨਦੀ ਬਿਆਸ ਸਿਰਸ਼ਕ ਮੇਰੇ ਥੀਂ ਵੱਗ ਸਤਲੁਜ[4] ਵੱਲ ਚੱਲੀ।
ਦਿਲ ਮੇਰੇ ਦੀਆਂ ਲਾਟਾਂ ਵੱਗੀਆਂ ਪਸਰ ਗਈਆਂ ਜੱਗ ਸਾਰੇ।
ਲੱਗਦੀ ਵਾਹ ਬੁਝਾਓ ਲੋਕੋ ਵਸਦਿਓ ਨਦੀ ਕਿਨਾਰੇ।
ਜੇ ਇੱਕ ਵਾਰ ਕਰਮ ਦੀਆਂ ਲਹਿਰਾਂ, ਮੈਂ ਵੱਲ ਦੇਹਣ ਹੁਲਾਰੇ।
ਤੇਰੇ ਸਤਲੁਜ ਦੇ ਵਿਚਕਾਰੇ ਰੋੜ੍ਹ ਦਿਆਂ ਸੁੱਖ ਸਾਰੇ।
ਤੂੰ ਸਤਲੁਜ ਦੇ ਵਸੀਂ ਕਿਨਾਰੇ ਐ ਮਹਿਬੂਬ ਪਿਆਰੇ।
ਮੈਂ ਫ਼ੁਰਕਤ[5] ਦੇ ਵਿਚ ਘੁੰਮ ਘੇਰਾਂ ਡੁੱਬ ਡੁੱਬ ਕੇ ਦੁੱਖ ਤਾਰੇ।
ਤਾਰ ਕਦੀ ਕਰ ਪਾਰ ਨਦੀਂ ਥੀਂ ਰੋੜ੍ਹ ਨਹੀਂ ਵਿਚਕਾਰੇ।
ਇਹ ਦੋ ਨੈਣ ਮੇਰੇ ਰਤ ਵਹਿੰਦੇ ਤਲਬ ਕਰਨ ਦੀਦਾਰੇ[6]।
ਜੇ ਵਿਚ ਚਸ਼ਮ ਤੇਰੀ ਦੇ ਯਾਰਾ ਚਮਕ ਵਗੇਂਦੀ ਪਾਵਾਂ।
ਵਹਿੰਦੀ ਠਾਠ ਅੱਖੀਂ ਥੀਂ ਮੇਰੇ ਨੈਅ ਵਿਚ ਰੋੜ੍ਹ ਵਗਾਵਾਂ।
ਨਾਮ ਫ਼ਿਰਾਕ ਕਲਮ ਦੇ ਮੂੰਹ ਤੇ ਜਾਂ ਗੁਜ਼ਰੇ ਇਕ ਵਾਰੀ।
ਦਰਦ ਤਾਸੁੱਫ਼ ਥੀਂ ਵਿਚ ਦਿਲ ਦੇ ਵੱਗਦੀ ਦਰਦ ਕਟਾਰੀ।
ਇਬਨ-ਉਲ-ਐਨ[7] ਤਾਸੁੱਫ਼ਜ਼ਾਦਾ ਰੰਗ ਰਤਾ ਯਾਕੂਤੀ।
ਨਾਮ ਸਰਿਸ਼ਕ ਕਲਮ ਥੀਂ ਰੱਸ ਰੱਸ ਖੜਦਾ ਸਬਰ ਸਬੂਤੀ।
ਹੱਥ ਦਿਲੋਂ ਦਿਲ ਹੱਥੋਂ ਬੇ-ਵੱਸ ਕੀ ਕੁਝ ਲਿਖਾ ਲਖਾਵਾਂ।
ਵਾਹ ਦਰਦਾ ਬੇ-ਦਰਦ ਦਿਲਾਂ ਨੂੰ ਕੀ ਕੀ ਦਰਦ ਸੁਣਾਵਾਂ।
ਸੇਕ ਦਿੱਤਾ ਦਿਲ ਦਰਦ ਤਪਾਇਆ ਹੋਇਆ ਨੂਰ-ਓ-ਨੂਰੀ।
ਅਜੇ ਮੇਰਾ ਮਹਿਬੂਬ ਪਿਆਰਾ ਰਹਿੰਦਾ ਦੂਰ-ਓ-ਦੂਰੀ।
ਸੱਚ ਕਹਾਂ ਖ਼ੁਦ ਦੂਰ ਰਿਹਾ ਮੈਂ ਉਸ ਥੀਂ ਦੂਰੀ ਨਾਹੀਂ।
ਇਸ ਦੂਰੀ ਦੇ ਦਰਦੋਂ ਰੌਂਦਿਆਂ ਰੋਵਣਗੇ ਭਰ ਆਹੀਂ।
ਬਾਅਜ਼ੇ ਹਰਫ਼ ਅਦਬ ਥੀਂ ਗੁਜ਼ਰੇ ਲਿਖਿਆ ਕਿਵੇਂ ਮਿਟਾਵਾਂ।
ਜਿਸ ਦੀ ਤਾਂਘ ਓਸੇ ਦੀਆਂ ਰੜਕਾਂ ਬੇ-ਵੱਸ ਧੱਕੇ ਖਾਵਾਂ।
ਸ਼ਾਇਦ ਇਹ ਖ਼ਤ ਬੇਦਰਦਾਂ ਦੀ ਜਾ ਨਜ਼ਰਾਂ ਵਿਚ ਗੁਜ਼ਰੇ।
ਮੈਂ ਬੇ-ਵਕਤੇ ਬਾਂਗੇ ਤਾਈਂ ਰਗੜ ਘੱਤਨ ਸਨ ਉਜ਼ਰੇ।
ਮੈਂ ਤੋਬਾ ਵਗ ਕਤੋਲ ਟੁਰਿਆ ਕਸਦ ਕਿੱਧਰ ਦਾ ਧਰਿਆ।
ਕੀ ਲਿਖਣਾ ਸੀ ਕੀ ਕੁੱਝ ਲਿਖਿਆ ਕੀ ਸਤਰਾਂ ਵਿਚ ਭਰਿਆ।

1. ਪਿਆਰ, ਮੁਹੱਬਤ, 2. ਖ਼ੂਬੀਆਂ, 3. ਜੁਦਾਈ, 4. ਇੱਕ ਦਰਿਆ ਦਾ ਨਾਂ, 5. ਜੁਦਾਈ, ਵਿਛੋੜਾ, 6. ਦੇਖਣ ਦੀ ਚਾਹ, 7. ਨੇਕ

ਇਹ ਤੇ ਹੈ ਖ਼ਤ ਰੋ ਰੋ ਲਿਖਿਆ ਗੁੱਜਰ ਜ਼ਾਤ ਕਮੀਨੇ।
ਤਰਫ਼ ਅਜ਼ੀਜ਼[8] ਨਜੀਬ ਪਿਆਰੇ ਜਾਨ ਜਿਗਰ ਯਾ ਸੀਨੇ।
ਜਿਸ ਦੀਆਂ ਵਿਚ ਉਡੀਕਾਂ ਮੈਨੂੰ ਗੁਜ਼ਰੇ ਸਾਲ ਮਹੀਨੇ।
ਕਰ ਇਕਰਾਰ ਜੋ ਨਾ ਮੁੜ ਮਿਲਿਆ ਮੈਂ ਪੁਰ ਦਰਦ ਖ਼ਜ਼ੀਨੇ।
ਐ ਅਫ਼ਸੋਸ ਪਈ ਵੀਰਾਨੀ ਰੁਲਿਆ ਦੇਸ਼ ਹਮਾਰਾ।
ਕੁਝ ਮੋਏ ਕੁਝ ਕਾਲ ਰੁਲਾਏ ਕੁਝ ਹੋ ਗਏ ਆਵਾਰਾ।
ਅੱਧੋਂ ਵੱਧ ਜਹਾਨੋਂ ਗੁਜ਼ਰੇ ਜਾ ਕਬਰਾਂ ਵਿਚ ਸੁੱਤੇ।
ਹੁਣ ਗਲੀਆਂ ਵਿਚ ਖੋਤੇ ਹੀਂਗਣ ਸੁੰਞ ਘਰਾਂ ਵਿਚ ਕੁੱਤੇ।
ਢੈਹ ਗਏ ਵਾਸ ਜ਼ਮੀਨਾਂ ਰੁੜ੍ਹੀਆਂ ਜਾਂ ਮੀਂਹ ਪਏ ਕਰੁੱਤੇ।
ਰਹਿੰਦੀਆਂ ਸਹਿੰਦੀਆਂ ਥੀਂ ਫਿਰ ਬਹੁਤੇ ਉਜੜੇ ਰਿਜ਼ਕ ਵਗੁੱਤੇ।
ਇਕ ਦਿਨ ਸੀ ਇਨਾਂ ਲੋਕਾਂ ਉੱਤੇ ਜ਼ਰਦਾਨੇ ਘਾ ਚਾਂਦੀ।
ਬਾਸਮਤੀ ਦੇ ਚਾਵਲ ਖਾਂਦਿਆਂ ਬਲਗ਼ਮ ਹੁੰਦੀ ਜਾਂਦੀ।
ਨਿਅਮਤ ਖਾਦੀ ਸ਼ੁਕਰ ਨਾ ਕੀਤਾ ਆਈਆਂ ਪੇਸ਼ ਕਮਾਈਆਂ।
ਵਿਚ ਵਿਆਹਾਂ ਜਣੇ-ਖਣੇ ਨੇ ਕੰਜਰੀਆਂ ਨਚਵਾਈਆਂ।
ਤੇ ਨੂਹਾਂ ਦੇਵਰਨੀਆਂ ਵੇਲੇ ਜੱਟਾਂ ਬੋਟਾਂ ਰਾਈਆਂ।
ਸੌ ਦੁਨੀਆ ਦੀਆਂ ਨੋਕਾਂ ਅਤੇ ਅਸ਼ਰਫ਼ੀਆਂ ਜੁੜਵਾਈਆਂ।
ਤੇ ਜੰਮੂ ਦੀਆਂ ਫ਼ੌਜਾਂ ਵਾਗੂੰ ਜੰਜਾਂ ਬੰਨ ਚੜ੍ਹਾਈਆਂ।
ਕੁਝ ਡੂਮਾਂ ਕੁੱਝ ਭੰਗੀਆਂ ਲੁੱਟੇ ਕੁਝ ਰਬਾਬੀਆਂ ਨਾਈਆਂ।
ਖ਼ੁਦ ਉੱਜੜੇ ਕੁੱਝ ਕੁੜਮ ਉਜਾੜੇ ਰੁੜ੍ਹ ਗਏ ਵਿਚ ਵਡਿਆਈਆਂ।
ਓੜਕ ਜਾਂ ਦਿਨ ਉਲਟੇ ਆਏ ਖੇਤੀਆਂ ਗਿਰਵੀ ਪਾਈਆਂ।
ਮਗਰੋਂ ਉਲਟ ਬਿਆਸਾ ਵਗਿਆ ਰੋੜ੍ਹੀਆਂ ਬੀਜੀਆਂ ਵਾਹੀਆਂ।
ਨੌਂ ਨੌਂ ਗਜ਼ ਗਈਆ ਚੜ੍ਹ ਠਾਠਾਂ ਬਾਲਿਆਂ ਛੱਤਾਂ ਢਾਈਆਂ।
ਅੱਧੀ ਰਾਤ ਰੁੱਖਾਂ ਤੇ ਚੜ੍ਹ ਚੜ੍ਹ ਦਿੱਤੀ ਟਾਹਰ ਭਰਾਈਆਂ।
ਲੋਕੋ ਅੱਜ ਗ਼ਰੂਰ ਤੁਸਾਡੇ ਅੱਡ ਹੋ ਗਏ ਹਵਾਈਆਂ।
ਜਾਂ ਤੂਫ਼ਾਨ ਗ਼ਜ਼ਬ ਦਾ ਚੜ੍ਹਿਆ ਦੇਸ ਉਜਾੜਾਂ ਪਈਆਂ।
ਮੋਏ ਖ਼ਸਮ ਨਖ਼ਸਮਿਆਂ ਹੋਕੇ ਰੰਨਾਂ ਉਜੜ ਗਈਆਂ।
ਭੁੱਖਿਆਂ ਮਰਦਿਆਂ ਤੇਰੇ ਵੱਲ ਦੀਆਂ ਵਲ ਵਲ ਕੇ ਕਰ ਲਈਆਂ।
ਤੇ ਇੱਦਤ[9] ਦੇ ਗੁਜ਼ਰਨ ਤੋੜੀ ਸਬਰ ਨਾ ਕੀਤੇ ਕਈਆਂ।
ਇਹ ਉਹੋ ਜੋ ਕਦੀ ਵਹਾਜਿਆਂ ਸੀ ਹਮ ਵਜ਼ਨ ਰੁਪਈਆਂ।
ਖ਼ਾਕੋਂ ਮਹਿੰਗੀਆਂ ਅੱਜ ਰੁਲੇਂਦੀਆਂ ਹੁਸਨਪਰੀ ਦੀਆਂ ਸਈਆਂ।
ਇਹ ਕੁਝ ਹਾਲ ਬਿਆਸ ਕਿਨਾਰੇ ਐ ਸਤਲੁਜ ਦੇ ਵਾਸੀ।
ਤਾਈਓਂ ਨਾ ਤੂੰ ਅੱਤ ਵੱਲ ਆਇਓਂ ਦੇਖ ਵਬਾਲ ਉਦਾਸੀ।
ਏਸ ਗੁਮਾਨੋਂ ਗੁਜ਼ਰ ਪਿਆਰੇ ਕਰ ਇਕ ਵਾਰੀ ਫੇਰੀ।
ਮਸਰ ਗਿੱਲੇ ਪਰ ਅਜੇ ਰਵਾੜੀ ਵਿਚ ਵਿਚ ਰਹੀ ਬਥੇਰੀ।
ਦਿਲ ਥੀਂ ਪਿਆ ਪੁਕਾਰਾ ਮੈਨੂੰ ਜਾਂ ਵੱਧ ਗਿਆ ਮਕੂਲਾ[10]।
ਨਾ ਕਰ ਤੂਲ ਕਲਾਮ ਨਿਕੰਮੀ ਬੱਸ ਗ਼ੁਲਾਮ ਰਸੂਲਾ।

*****

8. ਪਿਆਰਾ। 9. ਉਹ ਵਿਸ਼ੇਸ਼ ਸਮਾਂ ਜਿਸ ਵਿਚ ਕਿਸੇ ਔਰਤ ਨੂੰ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਦੂਜਾ ਵਿਆਹ ਕਰਨ ਦੀ ਮਨਾਹੀ ਹੁੰਦੀ ਹੈ, 10. ਕੌਲ, ਕਥਨ।

# ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਰਿਸਰਚ ਆਰਗੇਨਾਇਜ਼ੇਸ਼ਨ (ਰਜਿ.) ਵੱਲੋਂ ਪ੍ਰਕਾਸ਼ਿਤ ਅਤੇ ਪ੍ਰਕਾਸ਼ਨ ਅਧੀਨ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ:

**ਪ੍ਰਕਾਸ਼ਿਤ ਪੁਸਤਕਾਂ:**

1. ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)- ਇਕ ਮੁਤਾਲਆ
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
2. ਚਿੱਠੀਆ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
3. ਹੁਲੀਆ ਸ਼ਰੀਫ਼
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
4. ਸੀ ਹਰਫ਼ੀ ਸੱਸੀ ਪੁਨੂੰ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
5. ਚੌਪਟਨਾਮਾ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
6. ਪੰਧਨਾਮਾ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
7. ਮਆਰਿਬ-ਉਲ-ਖ਼ਾਸ਼ਿਈਨ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
8. ਮੁੰਤਖ਼ਿਬ ਕਲਾਮ
   ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
9. ਕਿੱਸਾ ਪੂਰਨ ਭਗਤ
   ਮਾਸਟਰ ਲਛਮਨ ਸਿੰਘ ਰਾਠੌਰ (ਭਾਰਤ)
   ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ

ਇਸ ਤੋਂ ਬਿਨਾਂ ਪਾਕਿਸਤਾਨ ਸਰਕਾਰ ਦੇ ਸਰਵਉੱਤਮ ਅਦਾਰੇ ਅਕਾਦਮੀ ਅਦਬੀਆਤ-ਏ-ਪਾਕਿਸਤਾਨ ਨੇ ਵੀ ਸਾਹਿਬਜ਼ਾਦਾ ਮਸਊਦ ਅਹਿਮਦ ਦੀ ਰਚਨਾ "ਮੌਲਵੀ ਗ਼ੁਲਾਮ ਰਸੂਲ ਆਲਮਪੁਰੀ- ਸ਼ਖ਼ਸੀਅਤ ਔਰ ਫ਼ਨ" ਪ੍ਰਕਾਸ਼ਿਤ ਕੀਤੀ ਹੈ।

**ਛਪਾਈ ਅਧੀਨ ਪੁਸਤਕਾਂ :**

1. ਰੂਹ-ਉਲ-ਤਰਤੀਲ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
2. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਪਹਿਲਾ)
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
3. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਦੂਜਾ)
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
4. ਦਾਸਤਾਨ-ਏ-ਅਮੀਰ ਹਮਜ਼ਾ (ਭਾਗ ਤੀਜਾ)
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
5. ਮਸਅਲਾ-ਏ-ਤੌਹੀਦ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
6. ਅਹਸਨ-ਉਲ-ਕਸਸ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
7. ਸ਼ਜਰਾ-ਏ-ਤਰੀਕਤ
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ


**ਗੁਰਮੁਖੀ ਪ੍ਰਕਾਸ਼ਨ:**


1. **ਮਆਰਿਬ-ਉਲ-ਖ਼ਾਸ਼ਿਈਨ**
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਅਨੁਵਾਦਕ : ਡਾ. ਨਦੀਮ ਅਹਿਮਦ ਨਦੀਮ
2. **ਅਹਸਨ-ਉਲ-ਕਸਸ (ਕਿੱਸਾ ਯੂਸੁਫ਼ ਜ਼ੁਲੈਖ਼ਾ)**
ਹਜ਼ਰਤ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)
ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
3. **ਹੁਲੀਆ ਸ਼ਰੀਫ਼**
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
4. **ਦਰਦ ਕੁਸਾਲੇ**
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ
5. **ਚਿੱਠੀਆਂ**
ਸੰਪਾਦਕ: ਸਾਹਿਬਜ਼ਾਦਾ ਮਸਊਦ ਅਹਿਮਦ
ਲਿੱਪੀਅੰਤਰਨ ਅਤੇ ਸੰਕਲਨ : ਡਾ. ਨਦੀਮ ਅਹਿਮਦ ਨਦੀਮ

*****

ਆਲਮਪੁਰੀ ਗ਼ੁਲਾਮ ਰਸੂਲ ਇੱਕ ਵੱਡਾ ਸ਼ਾਇਰ ਦਾਨਾ
ਉਹਦੇ ਇਲਮ, ਫ਼ਿਕਰ, ਇਰਫ਼ਾਨ, ਨੂੰ ਜਾਣੇ ਕੁੱਲ ਜ਼ਮਾਨਾ।
ਹਿਕਮਤ, ਤਿਬ, ਨਜੂਮ ਦੇ ਇਲਮਾਂ ਦੇ ਵੀ ਆਲਿਮ ਭਾਰੇ
ਤਾਰਿਆਂ ਵਾਂਗੂ ਰੌਸ਼ਨ ਇਲਮ ਉਨਾਂ ਦਾ ਚਮਕਾਂ ਮਾਰੇ।
ਵਿੱਚ ਪੰਜਾਬੀ ਅਦਬ ਦੇ ਉੱਨ੍ਹਾਂ ਪਾਇਆ ਇੰਜ ਦਾ ਹਿੱਸਾ
ਪੰਦਰਾਂ ਸਾਲ ਦੀ ਉਮਰ ਵਿੱਚ ਲਿਖਿਆ ਮੀਰ ਹਮਜ਼ਾ ਦਾ ਕਿੱਸਾ।
ਚਿੱਠੀਆਂ, ਕਿੱਸਾ ਰੂਪਨ ਨਾਮਾ, ਪੰਧ ਨਾਮਾ ਵੀ ਲਿਖਿਆ
ਚੋਪਟ ਨਾਮਾ, ਗੁੱਜਰ ਨਾਮਾ, ਹੁਲੀਆ ਪਾਕ ਵੀ ਲਿਖਿਆ।
ਸੱਸੀ ਪੁੰਨੂ, ਸੀ-ਹਰਫ਼ੀ ਤੇ ਲਿਖੀਆਂ ਹੋਰ ਕਿਤਾਬਾਂ
ਇਲਮਾਂ ਵਾਲਿਆਂ ਦੀ ਨਗਰੀ ਵਿੱਚ ਚਮਕਣ ਵਾਂਗ ਮਹਿਤਾਬਾਂ
ਰੱਬ ਨੇ ਉਨਾਂ ਦੀ ਕਿਸਮਤ ਵਿੱਚ ਕੀਤਾ ਇਲਮ ਇਰਫ਼ਾਨੀ
ਤਾਇਓਂ ਤੇ ਇਸ ਵਲੀ ਖ਼ੁਦਾ ਦੇ ਖੋਲੇ ਭੇਦ ਰੂਹਾਨੀ।
ਵਲੀ ਅੱਲਾਹ ਸੁਣ ਰੱਬ ਉਨਾਂ ਦੀ ਨਸਲ ਤੇ ਕਰਮ ਕਮਾਇਆ
ਜਿਸ ਨੇ ਰੂਹਾਨੀਅਤ ਵਿਚੋਂ ਵਾਵਾਹ ਹਿੱਸਾ ਪਇਆ।
ਉਨਾਂ ਦੇ ਇਸ ਇਲਮ ਅਦਬ ਤੋਂ ਜੋ ਵੀ ਲਾਭ ਉਠਾਂਦਾ
ਆਲਿਮ ਫ਼ਾਜ਼ਿਲ ਅਖਵਾਂਦਾ ਤੇ ਜੱਗ ਵਿੱਚ ਇੱਜ਼ਤ ਪਾਂਦਾ।
ਉਹਦੇ ਅਦਬ ਖ਼ਜ਼ਾਨਿਆਂ ਤੋਂ ਮਸਊਦ ਨੇ ਫ਼ੈਜ਼ ਉਠਾਏ
ਕਦਮਾਂ ਉਹਦਿਆਂ ਵਿੱਚ ਅਕੀਦਤ ਦੇ ਨੇ ਫੁੱਲ ਚੜ੍ਹਾਏ।

**ਮਸਊਦ ਅਹਿਮਦ ਚੌਧਰੀ**
ਪੰਜਾਬ ਯੂਨੀਵਰਸਿਟੀ, ਲਾਹੌਰ






*Design: Bawa 9781600911*